ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ

ਪੰਜਾਬੀ ਦੁਨੀਆ

PUNJABI DUNIYA

Since April 2005

Editor : Sharanjit Singh Thind

Weekly

Vol. 20 Issue 45 Friday December 31 to January 7, 2022 www.PUNJABIDUNIYA.com Published Weekly from New York

Thinking of Buying/Selling ?
WIN ZONE REALTY INC.

Baldev Singh
Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

ਓਮੀਕਰੋਨ

GETTY IMAGES

ਕੀ ਭਾਰਤ ਕੋਰੋਨਾਵਾਇਰਸ ਦੀ ਤੀਜੀ ਲਹਿਰ ਲਈ ਤਿਆਰ ਹੈ

ਜਿਵੇਂ ਕਿ ਅਸੀਂ ਮਹਾਮਾਰੀ ਦੇ ਤੀਜੇ ਸਾਲ ਵਿੱਚ ਜਾ ਰਹੇ ਹਾਂ, ਅਜਿਹੇ ਵਿੱਚ ਮਹਾਮਾਰੀ ਮਾਹਿਰ ਚੰਦਰਕਾਂਤ ਲਹਿਰੀਆ ਲਿਖਦੇ ਹਨ ਕਿ ਨੇ ਭਾਰਤ ਨੂੰ ਕੋਵਿਡ-19 ਨਾਲ ਆਪਣੀ ਜੰਗ ਤੋਂ ਕੀ ਸਿੱਖਣਾ ਚਾਹੀਦਾ ਹੈ।

ਉੱਤਰ ਭਾਰਤ ਦੇ ਸੂਬਿਆਂ ਦੀ ਯਾਤਰਾ ਕਰ ਰਹੇ ਕਿਸੇ ਵੀ ਸ਼ਖ਼ਸ ਨੂੰ ਇਹ ਸੋਚਣ ਲਈ ਮੁਆਫ਼ ਕੀਤਾ ਜਾ ਸਕਦਾ ਹੈ ਕਿ ਮਹਾਮਾਰੀ ਖ਼ਤਮ ਹੋ ਗਈ ਹੈ।

ਛੋਟੇ ਸ਼ਹਿਰਾਂ ਵਿੱਚ ਕੋਈ-ਕੋਈ ਮਾਸਕ ਲਗਾਉਂਦਾ ਹੈ, ਕੋਈ-ਕੋਈ ਹੀ ਸਮਾਜਿਕ ਦੂਰੀ ਬਣਾ ਕੇ ਰੱਖਦਾ ਹੈ ਅਤੇ ਕੋਵਿਡ-19 ਦਾ ਜ਼ਿਕਰ ਬਹੁਤ ਹੀ ਘੱਟ ਗੱਲਬਾਤ ਵਿੱਚ ਆਉਂਦਾ ਹੈ।

ਸਿਰਫ਼ ਹੋਰਡਿੰਗ ਬੋਰਡ ਹੀ ਹਨ ਜੋ ਕੋਵਿਡ ਨਾਲ ਨਜਿੱਠਣ ਲਈ ਨੇਤਾਵਾਂ ਦਾ ਧੰਨਵਾਦ ਕਰਦੇ ਨਜ਼ਰ ਆਉਂਦੇ ਹਨ।

ਰਾਜਧਾਨੀ ਦਿੱਲੀ ਵਿੱਚ, ਜ਼ਿਆਦਾਤਰ ਲੋਕਾਂ ਨੇ ਮਾਸਕ ਪਹਿਨਿਆਂ ਹੁੰਦਾ ਹੈ ਕਿਉਂਕਿ ਇਹ ਨਿਯਮ ਹੈ।ਪਰ ਭੀੜਭਾੜ ਵਾਲੇ ਬਾਜ਼ਾਰਾਂ, ਮਸਰੂਫ਼ ਰੈਸਟੋਰੈਂਟਾਂ ਨੂੰ ਦੇਖ ਕੇ ਲਗਦਾ ਹੈ ਕਿ ਸ਼ਹਿਰ ਪੂਰੇ ਜੋਸ਼ ਵਿੱਚ ਹੈ।

ਘੱਟ ਮਾਮਲਿਆਂ ਦੀ ਗਿਣਤੀ (ਕਰੀਬ 10 ਹਜ਼ਾਰ ਕੇਸ ਰੋਜ਼ਾਨਾ) ਅਤੇ ਚੱਲ ਰਹੀ ਟੀਕਾਕਰਨ ਮੁਹਿੰਮ (94 ਕਰੋੜ ਨੌਜਵਾਨਾਂ ਵਿੱਚੋਂ ਕਰੀਬ 80 ਫੀਸਦ ਨੂੰ ਟੀਕਾ ਲੱਗ ਚੁੱਕਿਆ ਹੈ) ਨੇ ਦੂਜੀ ਲਹਿਰ (ਇਸ ਸਾਲ ਅਪ੍ਰੈਲ ਤੇ ਮਈ) ਨੂੰ ਫਿੱਕਿਆਂ ਕਰ ਦਿੱਤਾ ਸੀ।

ਪਰ ਸੱਚਾਈ ਇਹ ਹੈ ਕਿ ਮਹਾਮਾਰੀ ਅਜੇ ਖ਼ਤਮ ਨਹੀਂ ਹੋਈ ਹੈ, ਯੂਰਪ ਵਿੱਚ ਮੁੜ ਕੇਸ ਵਧਣੇ ਸ਼ੁਰੂ ਹੋ ਗਏ ਹਨ, ਵਿਸ਼ਵ ਸਿਹਤ ਸੰਗਠਨ ਇਹ ਕਹਿ ਰਿਹਾ ਹੈ ਕਿ @ਇਹ ਚਿੰਤਾ ਦਾ ਵਿਸ਼ਾ@ ਹੈ।

ਇਸ ਵਿਚਾਲੇ ਵਾਇਰਸ ਦਾ ਇੱਕ ਵੇਰੀਐਂਟ ਸਾਹਮਣੇ ਆਇਆ ਹੈ, ਜਿਸ ਦਾ ਸ਼ੁਰੂਆਤੀ ਨਾਮ 2.1.1.529 ਸੀ ਅਤੇ ਹੁਣ ਇਸ ਨੂੰ ਓਮੀਕਰੋਨ ਕਿਹਾ ਜਾ ਰਿਹਾ ਹੈ, ਇਹ ਚਿੰਤਾ ਦਾ ਇੱਕ ਹੋਰ ਕਾਰਨ ਹੈ।ਹਾਲਾਂਕਿ, ਇਹ ਨਿਰਧਾਰਿਤ ਕਰਨ ਲਈ ਹੋਰ ਵਧੇਰੇ ਖੋਜ ਦੀ ਲੋੜ ਹੈ ਕਿ ਇਹ ਕਿੰਨਾ ਕੁ ਖ਼ਤਰਨਾਕ ਹੈ।

ਤਾਂ ਇਹ ਪੁੱਛਣ ਲਈ ਪ੍ਰਸ਼ਨ ਹੈ ਕਿ ਕੀ ਇਹ ਕੋਵਿਡ-19 ਦੀ ਤੀਜੀ ਲਹਿਰ ਹੈ ? ਅਤੇ ਜੇ ਹੈ ਤਾਂ ਕੀ ਭਾਰਤ ਇਸ ਲਈ ਤਿਆਰ ਹੈ ?

ਇਹ ਸੰਭਾਵਨਾ ਹੈ ਕਿ ਭਾਰਤ ਵਿੱਚ ਕੇਸਾਂ

ਬਾਕੀ ਸਫ਼ਾ 12 ’ਤੇ

NLight
Solid like a Rock
Insurance
Tel : 516 NLIGHT 8 (516 654 4488)

ਮਜੀਠੀਆ ਨੂੰ ਬਚਾਉਣ ਲਈ ਕੈਪਟਨ ਨੇ ਪੂਰਾ ਜ਼ੋਰ ਲਾਇਆ-ਚੰਨੀ

ਧਰਮਕੋਟ-ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਕਿਹਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਅਕਾਲੀ ਆਗੂ ਬਿਕਰਮ ਮਜੀਠੀਆ ਨੂੰ ਬਚਾਉਣ ਦੇ ਪੂਰੇ ਯਤਨ ਕੀਤੇ ਸਨ। ਉਨ੍ਹਾਂ ਕਿਹਾ ਕਿ ਸੂਬੇ 'ਚ ਨਸ਼ਿਆਂ ਅਤੇ ਨਸ਼ਾ ਤਸਕਰਾਂ ਖ਼ਿਲਾਫ਼ ਜੰਗ ਆਖਰੀ ਦਮ ਤੱਕ ਜਾਰੀ ਰੱਖੀ ਜਾਵੇਗੀ। ਇੱਥੋਂ ਦੀ ਅਨਾਜ ਮੰਡੀ 'ਚ ਰਾਜ ਪੱਧਰੀ ਸਮਾਗਮ ਦੌਰਾਨ ਚੰਨੀ ਦੇ ਨਿਸ਼ਾਨੇ 'ਤੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਸ਼੍ਰੋਮਣੀ ਅਕਾਲੀ ਦਲ ਮੁਖੀ ਸੁਖਬੀਰ ਸਿੰਘ ਬਾਦਲ ਵੀ ਰਹੇ।

ਚੰਨੀ ਨੇ ਕਿਹਾ ਕਿ ਨਸ਼ਿਆਂ ਦਾ ਸਕੈਂਡਲ ਜੱਗ ਜ਼ਾਹਿਰ ਹੋਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਮਜੀਠੀਆ ਨੂੰ ਬਚਾਉਣ ਲਈ ਸਕੈਂਡਲ ਉਪਰ ਪਰਦਾ ਪਾਉਣ ਦਾ ਪੂਰਾ ਟਿੱਲ ਲਾਇਆ ਸੀ। ਉਨ੍ਹਾਂ ਕਿਹਾ ਕਿ ਬੇਰੁਜ਼ਗਾਰੀ ਕਾਰਨ ਨਿਰਾਸ਼ ਹੋ ਚੁੱਕੀ ਜਵਾਨੀ ਨੂੰ ਨਸ਼ਿਆਂ ਦੇ ਧੰਦੇ ਦਾ ਸ਼ਿਕਾਰ ਬਣਾ ਕੇ ਉਨ੍ਹਾਂ ਨੂੰ ਗੈਂਗਸਟਰ ਬਣਨ ਲਈ ਮਜਬੂਰ ਕੀਤਾ ਗਿਆ ਤਾਂ ਜੋ ਆਪਣੇ ਸੌੜੇ ਸਿਆਸੀ ਮਨੋਰਥਾਂ ਦੀ ਪੂਰਤੀ ਕੀਤੀ ਜਾ ਸਕੇ। ਬਾਦਲਾਂ ਉੱਤੇ ਵਰ ਦਿਆਂ ਮੁੱਖ ਮੰਤਰੀ ਨੇ ਕਿਹਾ,''ਅਕਾਲੀ-ਭਾਜਪਾ ਗੱਠਜੋੜ ਦੇ 10 ਸਾਲਾਂ ਦੇ ਕਾਰਜ ਕਾਲ ਦੌਰਾਨ ਪੰਜਾਬ ਅਤੇ ਪੰਜਾਬੀਆਂ ਨਾਲ ਜਿਹੜੇ ਧ੍ਰੋਹ ਕਮਾਏ ਗਏ ਹਨ, ਉਨ੍ਹਾਂ ਦਾ ਹਿਸਾਬ ਲਿਆ ਜਾਵੇਗਾ। ਸੂਬੇ ਦੇ ਨੌਜਵਾਨਾਂ ਨੂੰ ਨਸ਼ਿਆਂ ਵਿੱਚ ਧੱਕਣਾ, ਬੇਅਦਬੀ ਦੀਆਂ ਘਟਨਾਵਾਂ ਸਮੇਤ ਸੂਬੇ ਨੂੰ ਆਰਥਿਕ ਪੱਖੋਂ ਕੰਗਾਲ ਕਰਨ ਵਰਗੇ ਮੁੱਦਿਆਂ ਦਾ ਸੂਬੇ ਦੇ ਲੋਕ ਅਕਾਲੀਆਂ ਕੋਲੋਂ ਜਵਾਬ ਮੰਗਦੇ ਹਨ ਜਿਸ ਦੀ ਸ਼ੁਰੂਆਤ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਕੇਸ ਦਰਜ ਕਰਨ ਨਾਲ ਹੋ ਗਈ ਹੈ।''

ਚੰਨੀ ਨੇ 'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਉੱਤੇ ਨਿਸ਼ਾਨਾ ਸੇਧਦਿਆਂ ਕਿਹਾ ਕਿ ਉਸ ਦੇ ਮਜੀਠੀਆ ਤੋਂ ਲਿਖਤੀ ਮੁਆਫ਼ੀ ਮੰਗਣ ਮਗਰੋਂ ਪੰਜਾਬ ਦੇ ਮਾਫ਼ੀਏ ਨਾਲ ਮੱਥਾ ਲਗਾਉਣ ਵਾਲੇ ਅਣਖੀ ਨੌਜਵਾਨਾਂ ਦੇ ਮਨਾਂ ਨੂੰ ਡੂੰਘੀ ਠੇਸ ਪੁੱਜੀ ਸੀ। ਉਨ੍ਹਾਂ ਕਿਹਾ,''ਜੇਕਰ ਕੇਜਰੀਵਾਲ ਅਕਾਲੀਆਂ ਮੂਹਰੇ ਗੋਡੇ ਨਾ ਟੇਕਦਾ ਤਾਂ ਅਕਾਲੀ ਆਗੂ ਹੁਣ ਤਕ ਸਲਾਖ਼ਾਂ ਪਿੱਛੇ ਹੋਣਾ ਸੀ।'' ਉਨ੍ਹਾਂ ਕਿਹਾ ਕਿ ਕੇਜਰੀਵਾਲ ਨੇ ਮਜੀਠੀਆ ਤੋਂ ਮੁਆਫ਼ੀ ਮੰਗ ਕੇ ਪੰਜਾਬ ਅਤੇ ਪੰਜਾਬੀਅਤ ਨਾਲ ਧ੍ਰੋਹ ਕਮਾਇਆ ਹੈ। ਉਨ੍ਹਾਂ ਪੰਜਾਬੀਆਂ ਨੂੰ 'ਆਪ' ਦੀਆਂ ਝੂਠੀਆਂ ਗਾਰੰਟੀਆਂ ਤੋਂ ਸੁਚੇਤ ਰਹਿਣ ਦਾ ਸੱਦਾ ਦਿੰਦੇ ਵਿਕਾਸ ਪੱਖੀ ਸੋਚ ਰੱਖਣ ਵਾਲੀ ਕਾਂਗਰਸ ਪਾਰਟੀ ਨੂੰ ਆਗਾਮੀ ਚੋਣਾਂ ਵਿੱਚ ਜਿਤਾਉਣ ਲਈ ਆਖਿਆ। ਚੰਨੀ ਨੇ ਕਿਹਾ ਕਿ ਦੇਸ਼ ਵਿੱਚ ਤਿੰਨ ਕਾਲੇ ਖੇਤੀ ਕਾਨੂੰਨ ਲਾਗੂ ਕਰਾਉਣ ਲਈ ਸ਼੍ਰੋਮਣੀ ਅਕਾਲੀ ਦਲ ਆਗੂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਨਾਲ ਰਲੇ ਹੋਏ ਸਨ। ਬੀਬੀ ਹਰਸਿਮਰਤ ਕੌਰ ਬਾਦਲ ਨੂੰ ਕੇਂਦਰੀ ਵਜ਼ਾਰਤ ਛੱਡਣ ਲਈ ਲੋਕਾਂ ਖਾਸ ਕਰ ਕੇ ਪੰਜਾਬੀ ਕਿਸਾਨਾਂ ਦੇ ਰੋਹ ਨੇ ਮਜਬੂਰ ਕੀਤਾ। ਇਸ ਮੌਕੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਸ਼ਾਇਰਾਨਾ ਅੰਦਾਜ਼ ਵਿੱਚ ਲੋਕਾਂ ਨੂੰ ਅਪੀਲ ਕੀਤੀ ਕਿ ਪੰਜਾਬ ਦੇ ਭਲੇ ਲਈ ਉਹ ਚੰਨੀ ਸਰਕਾਰ ਨੂੰ ਇੱਕ ਮੌਕਾ ਹੋਰ ਜ਼ਰੂਰ ਦੇਣ।

ਸਿੱਧੂ-ਪੁਲੀਸ ਟਿੱਪਣੀ ਮਾਮਲਾ: ਚੰਡੀਗੜ੍ਹ ਪੁਲੀਸ ਦੇ ਡੀ.ਐੱਸ.ਪੀ. ਨੇ ਨਵਜੋਤ ਸਿੱਧੂ ਨੂੰ ਮਾਣਹਾਨੀ ਨੋਟਿਸ ਭੇਜਿਆ

ਚੰਡੀਗੜ੍ਹ -ਪੰਜਾਬ ਕਾਂਗਰਸ ਤੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਵਲੋਂ ਪੁਲੀਸ ਖ਼ਿਲਾਫ਼ ਵਰਤੀ ਗਈ ਇਤਰਾਜ਼ਯੋਗ ਸ਼ਬਦਾਵਲੀ ਨੂੰ ਲੈ ਕੇ ਵਿਵਾਦ ਭਖਦਾ ਜਾ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਚੰਡੀਗੜ੍ਹ ਪੁਲੀਸ ਦੇ ਇੱਕ ਅਧਿਕਾਰੀ ਨੇ ਸਿੱਧੂ ਨੂੰ ਮਾਣਹਾਨੀ ਨੋਟਿਸ ਭੇਜਿਆ ਹੈ ਜਦਕਿ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਨੇਤਾ ਡਾ. ਦਲਜੀਤ ਸਿੰਘ ਚੀਮਾ ਨੇ ਨਵਜੋਤ ਸਿੰਘ ਸਿੱਧੂ ਦੀ ਆਲੋਚਨਾ ਕੀਤੀ ਹੈ। ਚੰਡੀਗੜ੍ਹ ਦੇ ਡੀ.ਐੱਸ.ਪੀ. ਦਿਲਸ਼ੇਰ ਸਿੰਘ ਚੰਡੇਲ ਨੇ ਕਿਹਾ, ''ਮੈਂ, ਪੁਲੀਸ ਖ਼ਿਲਾਫ਼ ਇਤਰਾਜ਼ਯੋਗ ਟਿੱਪਣੀ ਨੂੰ ਲੈ ਕੇ ਸਿੱਧੂ ਨੇ ਮਾਣਹਾਨੀ ਨੋਟਿਸ ਭੇਜਿਆ ਹੈ।'' ਜਲੰਧਰ (ਦਿਹਾਤੀ) ਵਿੱਚ ਤਾਇਨਾਤ ਸਬ ਇੰਸਪੈਕਟਰ ਬਲਬੀਰ ਸਿੰਘ ਨੇ ਵੀਡੀਓ ਮੈਸੇਜ ਜਾਰੀ ਕਰ ਕੇ ਸਿੱਧੂ ਦੀ ਟਿੱਪਣੀ ਦੀ ਨਿਖੇਧੀ ਕੀਤੀ ਹੈ। ਐੱਸ.ਆਈ. ਨੇ ਕਿਹਾ ਹੈ, ''ਇੱਕ ਸੀਨੀਅਰ ਨੇਤਾ ਵੱਲੋਂ ਸਾਡੇ ਖ਼ਿਲਾਫ਼ ਵਰਤੀ ਗਈ ਸ਼ਬਦਾਵਲੀ ਦੀ ਮੈਂ ਨਿਖੇਧੀ ਕਰਦਾ ਹਾਂ।'' ਡਾ. ਚੀਮਾ ਨੇ ਕਿਹਾ ਕਿ ਨਵਜੋਤ ਸਿੱਧੂ ਵੱਲੋਂ ਪੰਜਾਬ ਪੁਲੀਸ ਖ਼ਿਲਾਫ਼ ਨੀਵੇਂ ਪੱਧਰ ਦੇ ਸ਼ਬਦਾਂ ਦੀ ਵਰਤੋਂ ਕੀਤੀ ਗਈ ਤੇ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਤੇ ਗ੍ਰਹਿ ਮੰਤਰੀ ਸੁਖਜਿੰਦਰ ਰੰਧਾਵਾ ਮੂਕ ਦਰਸ਼ਕ ਬਣ ਕੇ ਬੈਠੇ ਹਨ। ਇਸੇ ਦੌਰਾਨ ਲੁਧਿਆਣਾ ਤੋਂ ਕਾਂਗਰਸ ਦੇ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਚੰਡੀਗੜ੍ਹ ਪੁਲੀਸ ਦੇ ਡੀ.ਐੱਸ.ਪੀ. ਅਤੇ ਪੰਜਾਬ ਪੁਲੀਸ ਦੇ ਐੱਸ.ਆਈ. ਬਲਬੀਰ ਸਿੰਘ ਦੀਆਂ ਵੀਡੀਓਜ਼ ਤੇ ਕੁਮੈਂਟ ਕਰਦਿਆਂ ਪੁਲੀਸ ਵਲੋਂ ਹੁਣ ਤਕ ਵੱਖ-ਵੱਖ ਮੋਰਚਿਆਂ ਉੱਤੇ ਨਿਭਾਈਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ।

ਇਸ਼ਤਿਹਾਰ



Ayurvedic medicines can contain lead, which can cause learning and behavior problems in children, miscarriage in pregnant women, and infertility.

- If you use Ayurvedic medicines, ask your doctor for a blood lead test.

Call **311** or visit **nyc.gov/leadfree** for more information.

NYC Health
Bill de Blasio
Mayor
Dave A. Chokshi, MD, MSc
Commissioner

ਚੋਣਾਂ ਸਿਰ ’ਤੇ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਸ਼ਸ਼ੋਪੰਜ ’ਚ ਪੰਜਾਬ ਦੀਆਂ ਸਿਆਸੀ ਪਾਰਟੀਆਂ

ਜਲੰਧਰ-ਪੰਜਾਬ ਦੀਆਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਸਬੰਧੀ ਰਾਜਨੀਤਕ ਹਲਚਲ ਤੇਜ਼ ਹੋ ਚੁੱਕੀ ਹੈ। ਸੂਬੇ ’ਚ ਲਗਾਤਾਰ ਰਾਜਨੀਤਕ ਦਲ ਆਪਣੀ ਪੂਰੀ ਤਾਕਤ ਝੋਕ ਰਹੇ ਹਨ। ਭਾਰਤੀ ਜਨਤਾ ਪਾਰਟੀ, ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ, ਬਸਪਾ ਤੇ ਪੰਜਾਬ ਲੋਕ ਕਾਂਗਰਸ ਵਰਗੇ ਸਾਰੇ ਰਾਜਨੀਤਕ ਦਲ ਲਗਾਤਾਰ ਚੋਣਾਂ ਦੀ ਤਿਆਰੀ ’ਚ ਜੁਟੇ ਹੋਏ ਹਨ ਪਰ ਇਨ੍ਹਾਂ ਸਾਰੇ ਰਾਜਨੀਤਕ ਦਲਾਂ ’ਚੋਂ ਕੋਈ ਜੇਕਰ ਸੱਤਾ ’ਚ ਆਉਂਦਾ ਹੈ ਤਾਂ ਉਸ ਦਾ ਸੀ. ਐੱਮ. ਚਿਹਰਾ ਕੌਣ ਹੋਵੇਗਾ ? ਇਸ ਗੱਲ ਨੂੰ ਲੈ ਕੇ ਅਜੇ ਤਕ ਕੁਝ ਵੀ ਸਾਫ਼ ਨਹੀਂ ਹੈ। ਇੱਕ ਸ਼੍ਰੋਮਣੀ ਅਕਾਲੀ ਦਲ ਨੂੰ ਛੱਡ ਕੇ ਕਿਸੇ ਵੀ ਪਾਰਟੀ ਨੇ ਕਿਸ ਦੀ ਅਗਵਾਈ ’ਚ ਚੋਣ ਲੜਨੀ ਹੈ, ਇਹ ਸਾਫ਼ ਨਹੀਂ ਕੀਤਾ ਹੈ, ਜਿਸ ਕਾਰਨ ਪੰਜਾਬ ਦੀ ਜਨਤਾ ਦੇ ਵੀ ਇਸ ਗੱਲ ਨੂੰ ਲੈ ਕੇ ਵੱਡੇ ਸਵਾਲ ਦਿਮਾਗ ’ਚ ਘੁੰਮ ਰਹੇ ਹਨ ਕਿ ਜੇਕਰ ਸੂਬੇ ’ਚ ਚੋਣਾਂ ’ਚ ਉਕਤ ਪਾਰਟੀਆਂ ’ਚੋਂ ਕੋਈ ਵੀ ਪਾਰਟੀ ਜਿੱਤਦੀ ਹੈ ਤਾਂ ਮੁੱਖ ਮੰਤਰੀ ਕੌਣ ਹੋਵੇਗਾ ?

ਕਾਂਗਰਸ ਦੀ ਖਾਮੋਸ਼ੀ

ਪੰਜਾਬ ’ਚ ਮੁੱਖ ਮੰਤਰੀ ਚਿਹਰੇ ਨੂੰ ਲੈ ਕੇ ਫ਼ਿਲਹਾਲ ਕਾਂਗਰਸ ’ਚ ਕੋਈ ਚਰਚਾ ਨਹੀਂ ਚੱਲ ਰਹੀ ਹੈ। ਹੁਣ ਤਕ ਪੰਜਾਬ ’ਚ ਮੁੱਖ ਮੰਤਰੀ ਦੇ ਅਹੁਦੇ ’ਤੇ ਚਰਨਜੀਤ ਸਿੰਘ ਚੰਨੀ ਤਾਇਨਾਤ ਹਨ ਪਰ ਉਨ੍ਹਾਂ ਦੇ ਅਗਵਾਈ ’ਚ ਚੋਣ ਲੜੀ ਜਾਵੇਗੀ ਜਾਂ ਕਿਸੇ ਹੋਰ ਨੂੰ ਅੱਗੇ ਕੀਤਾ ਜਾਂਦਾ ਹੈ, ਇਹ ਹੁਣ ਤਕ ਕੁਝ ਸਾਫ਼ ਨਹੀਂ ਹੈ। ਚਰਨਜੀਤ ਸਿੰਘ ਚੰਨੀ ਨੂੰ ਪੰਜਾਬ ਕਾਂਗਰਸ ’ਚ ਮੁੱਖ ਮੰਤਰੀ ਦਾ ਅਹੁਦਾ ਤਾਂ ਦਿੱਤਾ ਪਰ 2022 ’ਚ ਹੋਣ ਵਾਲੀਆਂ ਚੋਣਾਂ ’ਚ ਵੀ ਉਹੀ ਉਮੀਦਵਾਰ ਹੋਣਗੇ, ਇਸ ’ਤੇ ਅਜੇ ਪਾਰਟੀ ਖਾਮੋਸ਼ ਹੈ। ਪਾਰਟੀ ਕੋਲ ਉਂਝ ਇਸ ਅਹੁਦੇ ਲਈ ਚੰਨੀ ਦੇ ਨਾਲ-ਨਾਲ ਨਵਜੋਤ ਸਿੰਘ ਸਿੱਧੂ ਦਾ ਚਿਹਰਾ ਵੀ ਹੈ ਪਰ ਪੰਜਾਬ ’ਚ ਰਾਜਨੀਤਕ ਸਮੀਕਰਨ ਦੇ ਆਧਾਰ ’ਤੇ ਹੀ ਸ਼ਾਇਦ ਪਾਰਟੀ ਕੋਈ ਫ਼ੈਸਲਾ ਲਵੇਗੀ। ਪਾਰਟੀ ਦੇ ਖੇਮੇ ’ਚ ਦਲਿਤ ਵੋਟ ਬੈਂਕ ਅਕਸਰ ਭੁਗਤਦਾ ਰਿਹਾ ਹੈ ਪਰ ਚੰਨੀ ਨੂੰ ਮੁੱਖ ਮੰਤਰੀ ਬਣਾਉਣ ਤੋਂ ਬਾਅਦ ਕਾਂਗਰਸ ਨਾਲ ਚੱਲ ਰਿਹਾ ਜੱਟ ਸਿੱਖ ਵੋਟਰ ਨਾਰਾਜ਼ ਹੋ ਗਿਆ ਹੈ।

ਅਜਿਹੇ ’ਚ ਪਾਰਟੀ ਨੂੰ ਚਿੰਤਾ ਹੈ ਕਿ ਇਹ ਜੱਟ ਸਿੱਖ ਵੋਟ ਖਿਸਕ ਕੇ ਕੈਪਟਨ ਅਮਰਿੰਦਰ ਸਿੰਘ ਦੀ ਪੰਜਾਬ ਲੋਕ ਕਾਂਗਰਸ ਦੇ ਖੇਮੇ ’ਚ ਨਾ ਚਲਾ ਜਾਵੇ, ਕਿਉਂਕਿ ਅਜੇ ਤੱਕ ਪੰਜਾਬ ’ਚ ਇਸ ਵੋਟ ਬੈਂਕ ਨੂੰ ਕੈਪਟਨ ਦਾ ਸਹਾਰਾ ਸੀ। ਇਸ ਸਮੇਂ ਕਾਂਗਰਸ ਦੁਰਾਹੇ ’ਤੇ ਖੜ੍ਹੀ ਹੈ ਕਿ ਉਹ ਸਿੱਧੂ ਨੂੰ ਅੱਗੇ ਲਾਵੇ ਜਾਂ ਚੰਨੀ ਨੂੰ। ਉਂਝ ਪਿਛਲੇ ਕੁਝ ਸਮੇਂ ’ਚ ਸਿੱਧੂ ਨੂੰ ਪਹਿਲਾਂ ਤੋਂ ਜ਼ਿਆਦਾ ਸਟ੍ਰਾਂਗ ਕੀਤਾ ਗਿਆ ਹੈ ਉੱਥੇ ਹੀ ਚੰਨੀ ਦਾ ਪਬਲਿਕ ’ਚ ਜਾਣ ਦਾ ਸਟਾਈਲ ਪੰਜਾਬ ’ਚ ਚਰਚਾ ਦਾ ਵਿਸ਼ਾ ਹੈ।

ਆਮ ਆਦਮੀ ਪਾਰਟੀ ਦੀ ਰਣਨੀਤੀ

ਪੰਜਾਬ ’ਚ ਜੇਕਰ ਆਮ ਆਦਮੀ ਪਾਰਟੀ ਚੋਣ ਜਿੱਤਦੀ ਹੈ ਤਾਂ ਉਸ ਦਾ ਸੀ. ਐੱਮ. ਚਿਹਰਾ ਕੌਣ ਹੋਵੇਗਾ, ਇਹ ਵੀ ਅਜੇ ਸਾਫ਼ ਨਹੀਂ ਹੈ। ਪਾਰਟੀ ਨੇ ਹੁਣ ਤੱਕ ਕਿਸੇ ਨੂੰ ਵੀ ਇਸ ਅਹੁਦੇ ਲਈ ਉਮੀਦਵਾਰ ਨਹੀਂ ਬਣਾਇਆ ਹੈ। ਭਗਵੰਤ ਮਾਨ ਦੇ ਨਾਂ ’ਤੇ ਚਰਚਾ ਜ਼ਰੂਰ ਚੱਲ ਰਹੀ ਹੈ ਪਰ ਉਨ੍ਹਾਂ ਦੇ ਨਾਲ-ਨਾਲ ਕੁਝ ਹੋਰ ਨਾਂ ਵੀ ਪੰਜਾਬ ਦੀ ਰਾਜਨੀਤੀ ’ਚ ‘ਆਪ’ ਦੇ ਸੀ. ਐੱਮ. ਕੈਂਡੀਡੇਟ ਦੇ ਤੌਰ ’ਤੇ ਵੇਖੇ ਜਾ ਰਹੇ ਹਨ। ਚੰਡੀਗੜ੍ਹ ’ਚ ਆਮ ਆਦਮੀ ਪਾਰਟੀ ਨੂੰ ਜਿਸ ਤਰ੍ਹਾਂ ਨਾਲ ਸਫ਼ਲਤਾ ਮਿਲੀ ਹੈ, ਉਸ ਤੋਂ ਪਾਰਟੀ ਨਾ ਸਿਰਫ਼ ਉਤਸ਼ਾਹਿਤ ਹੈ ਸਗੋਂ ਪੰਜਾਬ ’ਚ ਉਸ ਵੱਲੋਂ ਆਪਣੀ ਰਣਨੀਤੀ ’ਚ ਵੀ ਤੇਜੀ ਲਿਆਂਦੀ ਜਾ ਸਕਦੀ ਹੈ। ਦਰਅਸਲ ਆਮ ਆਦਮੀ ਪਾਰਟੀ ਇੱਕ ਅਜਿਹੇ ਚਿਹਰੇ ਦੀ ਭਾਲ ’ਚ ਹੈ ਜੋ ਪੰਜਾਬ ਨੂੰ ਬਿਹਤਰ ਤਰੀਕੇ ਨਾਲ ਲੀਡ ਕਰ ਸਕੇ ਤੇ ਸੂਬੇ ਦਾ ਜਾਤੀਵਾਦ ਸਮੀਕਰਣ ਵੀ ਉਸ ਦੇ ਮੁੱਖ ਮੰਤਰੀ ਅਹੁਦੇ ਦੇ ਉਮੀਦਵਾਰ ਨੂੰ ਕੋਈ ਨੁਕਸਾਨ ਨਾ ਕਰ ਸਕੇ। ਉਂਝ ਸੰਯੁਕਤ ਸਮਾਜ ਮੋਰਚੇ ਦੇ ਬਲਬੀਰ ਸਿੰਘ ਰਾਜੇਵਾਲ ਦੇ ‘ਆਪ’ ਨਾਲ ਗਠਜੋੜ ਤੇ ਮੁੱਖ ਮੰਤਰੀ ਚਿਹਰਾ ਹੋਣ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਹਨ।

ਭਾਜਪਾ ਵਿੱਚ ਮੰਥਨ

ਪੰਜਾਬ ’ਚ ਭਾਰਤੀ ਜਨਤਾ ਪਾਰਟੀ ਪਹਿਲੀ ਵਾਰ ਸ਼੍ਰੋਮਣੀ ਅਕਾਲੀ ਦਲ ਤੋਂ ਬਿਨਾਂ ਚੋਣ ਮੈਦਾਨ ’ਚ ਨਿੱਤਰ ਰਹੀ ਹੈ ਤੇ ਪਾਰਟੀ ਦੀ ਪਲਾਨਿੰਗ ਹੈ ਕਿ ਸੂਬੇ ਦੀਆਂ ਸਾਰੀਆਂ 117 ਸੀਟਾਂ ’ਤੇ ਚੋਣਾਂ ਲੜੀਆਂ ਜਾਣ। ਉਂਝ ਪਾਰਟੀ ਦਾ ਪੰਜਾਬ ’ਚ ਕੈਪਟਨ ਅਮਰਿੰਦਰ ਸਿੰਘ ਦੀ ਪੌਲੀਟੀਕਲ ਪਾਰਟੀ ਪੰਜਾਬ ਲੋਕ ਕਾਂਗਰਸ ਨਾਲ ਗਠਜੋੜ ਹੋ ਚੁੱਕਿਆ ਹੈ ਪਰ ਫ਼ਿਰ ਵੀ ਭਾਜਪਾ ਨੇ ਹੁਣ ਤੱਕ ਆਪਣਾ ਮੁੱਖ ਮੰਤਰੀ ਚਿਹਰਾ ਕੌਣ ਹੋਵੇਗਾ, ਇਸ ਬਾਰੇ ਕੁਝ ਸਾਫ਼ ਨਹੀਂ ਕੀਤਾ ਹੈ। ਉਂਝ ਪਾਰਟੀ ਸ਼ਹਿਰ ਦੀਆਂ ਤਕਰੀਬਨ 65 ਸੀਟਾਂ ’ਤੇ ਮੁੱਖ ਧਿਆਨ ਲਾ ਰਹੀ ਹੈ। ਪਾਰਟੀ ਸਫ਼ਲ ਹੋਵੇਗੀ ਜਾਂ ਨਹੀਂ ਇਹ ਬਾਅਦ ਦੀ ਗੱਲ ਹੈ ਪਰ ਕਿਸਾਨੀ ਬਿੱਲ ਰੱਦ ਕੀਤੇ ਜਾਣ ਤੋਂ ਬਾਅਦ ਪਾਰਟੀ ਦੇ ਨੇਤਾਵਾਂ ’ਚ ਇੱਕ ਨਵਾਂ ਕਰੰਟ ਦੇਖਣ ਨੂੰ ਮਿਲ ਰਿਹਾ ਹੈ ਤੇ ਇਹ ਕਰੰਟ ਸੀਟਾਂ ’ਚ ਬਦਲ ਪਾਵੇਗਾ ਕਿ ਨਹੀਂ ਇਹ ਸਭ ਤੋਂ ਵੱਡਾ ਸਵਾਲ ਹੈ। ਪਾਰਟੀ ਦੇ ਕੁਝ ਨੇਤਾਵਾਂ ਨੇ ਕੁਝ ਸਮਾਂ ਪਹਿਲਾਂ ਦਲਿਤ ਸੀ. ਐੱਮ. ਬਣਾਉਣ ਨੂੰ ਲੈ ਕੇ ਚਰਚਾਵਾਂ ਚਲਾਈਆਂ ਸਨ ਪਰ ਉਸ ’ਤੇ ਵੀ ਕੋਈ ਸਹਿਮਤੀ ਨਹੀਂ ਬਣ ਸਕੀ ਹੈ। ਪਾਰਟੀ ਫ਼ਿਲਹਾਲ ਪੰਜਾਬ ’ਚ ਆਪਣੀ ਰਣਨੀਤੀ ’ਤੇਲ ਵੇਖੋ ਤੇਲ ਦੀ ਧਾਰ ਵੇਖੋ’ ਦੇ ਨਜ਼ਰੀਏ ਤੋਂ ਤਿਆਰੀ ਕਰ ਰਹੀ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਫ਼ੈਸਲਾ

ਇਸ ਸਭ ਵਿੱਚਾਲੇ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਬਾਦਲ ਨੂੰ ਮੁੱਖ ਮੰਤਰੀ ਅਹੁਦੇ ਦਾ ਉਮੀਦਵਾਰ ਐਲਾਨ ਚੁੱਕਾ ਹੈ ਪਰ ਡਿਪਟੀ ਮੁੱਖ ਮੰਤਰੀ ਦੇ ਅਹੁਦੇ ’ਤੇ ਕੌਣ ਉਮੀਦਵਾਰ ਹੋਵੇਗਾ ਇਹ ਅਜੇ ਸਾਫ਼ ਨਹੀਂ ਹੈ। ਉਂਝ ਸੁਖਬੀਰ ਬਾਦਲ ਡਿਪਟੀ ਮੁੱਖ ਮੰਤਰੀ ਦੇ ਅਹੁਦੇ ’ਤੇ ਇੱਕ ਹਿੰਦੂ ਅਤੇ ਇੱਕ ਦਲਿਤ ਚਿਹਰਾ ਬਿਠਾਉਣ ਦੀ ਗੱਲ ਕਰ ਚੁੱਕੇ ਹਨ। ਅਕਾਲੀ ਦਲ ਦਾ ਬਸਪਾ ਨਾਲ ਗਠਜੋੜ ਹੈ ਤਾਂ ਸੰਭਵ ਹੈ ਕਿ ਬਸਪਾ ਤੋਂ ਹੀ ਦਲਿਤ ਚਿਹਰਾ ਡਿਪਟੀ ਮੁੱਖ ਮੰਤਰੀ ਦੇ ਅਹੁਦੇ ’ਤੇ ਤਾਇਨਾਤ ਕੀਤਾ ਜਾ ਸਕਦਾ ਹੈ, ਜਿੱਥੋਂ ਤਕ ਗੱਲ ਕੈਪਟਨ ਦੀ ਪਾਰਟੀ ਪੰਜਾਬ ਲੋਕ ਕਾਂਗਰਸ ਦੀ ਹੈ ਤਾਂ ਉਹ ਸਿੱਧੇ ਆਪਣਾ ਮੁੱਖ ਮੰਤਰੀ ਐਲਾਨ ਕਰਨ ਦੀ ਜਗ੍ਹਾ ਭਾਜਪਾ ਨਾਲ ਹੀ ਕੰਮ ਕਰੇਗੀ। ਅਜਿਹੇ ’ਚ ਕੈਪਟਨ ਦੇ ਸੀ. ਐੱਮ. ਅਹੁਦੇ ਦੇ ਉਮੀਦਵਾਰ ਹੋਣ ਦੀਆਂ ਸੰਭਾਵਨਾਵਾਂ ਨਾਂਹ ਦੇ ਬਰਾਬਰ ਹਨ।

ਦੇਸ਼ ਦੀ ਸੁਰੱਖਿਆ ਅਤੇ ਪੰਜਾਬ ਦੇ ਵਿਕਾਸ ਲਈ ਗੱਠਜੋੜ ਕੀਤਾ- ਅਮਰਿੰਦਰ ਸਿੰਘ

ਚੰਡੀਗੜ੍ਹ -ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਨਵੀਂ ਬਣੀ ਪਾਰਟੀ ਪੰਜਾਬ ਲੋਕ ਕਾਂਗਰਸ ਦੇ ਮੁੱਖੀ ਅਮਰਿੰਦਰ ਸਿੰਘ ਨੇ ਕਿਹਾ ਉਨ੍ਹਾਂ ਨੇ ਦੇਸ਼ ਦੀ ਸੁਰੱਖ਼ਿਆ ਅਤੇ ਪੰਜਾਬ ਦੇ ਵਿਕਾਸ ਲਈ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਗੱਠਜੋੜ ਕੀਤਾ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ ਗੱਠਜੋੜ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਹਾਸਲ ਕਰੇਗਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ, ਭਾਜਪਾ ਦੇ ਕੌਮੀ ਪ੍ਰਧਾਨ ਜੇ.ਪੀ. ਨੱਢਾ ਅਤੇ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨਾਲ ਦਿੱਲੀ ਵਿੱਚ ਮੁਲਾਕਾਤ ਮਗਰੋਂ ਅਮਰਿੰਦਰ ਸਿੰਘ ਨੇ ਕਿਹਾ, “ਮੈਂ ਖੁਸ਼ ਹਾਂ ਕਿ ਦੇਸ਼ ਦੀ ਸੁਰੱਖ਼ਿਆ, ਭਲਾਈ ਅਤੇ ਪੰਜਾਬ ਦੇ ਵਿਕਾਸ ਲਈ ਅਸੀਂ ਇਕੱਠੇ ਹਾਂ।” ਜ਼ਿਕਰਯੋਗ ਹੈ ਕਿ ਤਿੰਨਾਂ ਪਾਰਟੀਆਂ ਵਲੋਂ ਇਕੱਠਿਆਂ ਚੋਣ ਲੜਨ ਦਾ ਐਲਾਨ ਕੀਤਾ ਗਿਆ ਹੈ। ਇੱਕ ਬਿਆਨ ਵਿੱਚ ਅਮਰਿੰਦਰ ਸਿੰਘ ਕਿਹਾ, “ਕੇਂਦਰ ਅਤੇ ਪੰਜਾਬ ਵਿੱਚ ਦੋਵੇਂ ਥਾਈਂ ਭਾਜਪਾ ਦੀ ਸਰਕਾਰ ਹੋਣ ’ਤੇ, ਪੰਜਾਬ ਦੋਹਰੇ ਇੰਜਣ ਦੇ ਸਹਾਰੇ ਖੁਸ਼ਹਾਲੀ ਅਤੇ ਵਿਕਾਸ ਦੇ ਰਾਹ ’ਤੇ ਤੇਜ਼ੀ ਨਾਲ ਅੱਗੇ ਵਧੇਗਾ।” ਉਨ੍ਹਾਂ ਇਹ ਵੀ ਕਿਹਾ ਕਿ ਚੋਣ ਮਨੋਰਥ ਪੱਤਰ ਤਿਆਰ ਕੀਤਾ ਜਾ ਰਿਹਾ ਹੈ ਅਤੇ ਸੀਟਾਂ ਦੀ ਵੰਡ ’ਤੇ ਵੀ ਛੇਤੀ ਹੀ ਸਮਝੌਤਾ ਹੋ ਜਾਵੇਗਾ।

ਨਸ਼ਾ ਤਸਕਰੀ ਮਾਮਲਾ: ਮਜੀਠੀਆ ਨੇ ਉੱਚ ਅਦਾਲਤ ਦਾ ਬੂਹਾ ਖੜਕਾਇਆ

ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ ਕੀਤੀ

ਮੁਹਾਲੀ-ਸ਼੍ਰੋਮਣੀ ਅਕਾਲੀ ਦਲ ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਸ਼ਾ ਤਸਕਰੀ ਮਾਮਲੇ ਵਿੱਚ ਰਾਹਤ ਲੈਣ ਲਈ ਸੋਮਵਾਰ ਨੂੰ ਉੱਚ ਅਦਾਲਤ ਦਾ ਬੂਹਾ ਖੜਕਾਇਆ। ਮਜੀਠੀਆ ਨੇ ਅਗਾਊਂ ਜ਼ਮਾਨਤ ਹਾਸਲ ਕਰਨ ਲਈ ਆਪਣੇ ਵਕੀਲ ਦਮਨਬੀਰ ਸਿੰਘ ਸੋਬਤੀ ਰਾਹੀਂ ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਅਰਜ਼ੀ ਦਾਇਰ ਕੀਤੀ ਹੈ। ਚੇਤੇ ਰਹੇ ਕਿ ਪਿਛਲੇ ਦਿਨੀਂ ਮੁਹਾਲੀ ਦੇ ਵਧੀਕ ਤੇ ਜ਼ਿਲ੍ਹਾ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਨੇ ਦੋਹਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਜੀਠੀਆ ਦੀ ਅਗਾਊਂ ਜਮਾਨਤ ਦੀ ਅਰਜ਼ੀ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ।

ਮਜੀਠੀਆ ਖ਼ਿਲਾਫ਼ ਕੁਝ ਦਿਨ ਪਹਿਲਾਂ ਹੀ ਇੱਥੋਂ ਦੇ ਫ਼ੇਜ-4 ਸਥਿਤ ਪੰਜਾਬ ਪੁਲੀਸ ਦੇ ਸਟੇਟ ਕ੍ਰਾਈਮ ਥਾਣੇ ਵਿੱਚ ਕੇਸ ਦਰਜ ਕੀਤਾ ਗਿਆ ਸੀ। ਕੇਸ ਦਰਜ ਹੋਣ ਤੋਂ ਬਾਅਦ ਮਜੀਠੀਆ ਰੂਪੋਸ਼ ਹੋ ਗਿਆ ਸੀ। ਪੰਜਾਬ ਸਰਕਾਰ ਅਤੇ ਪੁਲੀਸ ਨੂੰ ਮਜੀਠੀਆ ਦੇ ਵਿਦੇਸ਼ ਭੱਜਣ ਦਾ ਖਦਸ਼ਾ ਹੈ। ਇਸ ਸਬੰਧੀ ਪੰਜਾਬ ਪੁਲੀਸ ਨੇ ਅਕਾਲੀ ਆਗੂ ਖ਼ਿਲਾਫ਼ ਲੁੱਕ-ਆਊਟ ਨੋਟਿਸ ਵੀ ਜਾਰੀ ਕੀਤਾ ਹੈ ਪਰ ਹੁਣ ਤੱਕ ਮਜੀਠੀਆ ਪੁਲੀਸ ਦੇ ਹੱਥ ਨਹੀਂ ਲੱਗਿਆ ਹੈ। ਪੁਲੀਸ ਅਤੇ ਖ਼ੁਫ਼ੀਆ ਏਜੰਸੀਆਂ ਵਲੋਂ ਉਸ ਦੇ ਪਰਿਵਾਰਕ ਮੈਂਬਰਾਂ ਅਤੇ ਕਰੀਬੀਆਂ ’ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।

ਬੰਬ ਕਾਂਡ ਲੁਧਿਆਣਾ ਮੁਲਜ਼ਮ ਦੀ ਮਹਿਲਾ ਦੋਸਤ ਨੇ ਖੋਲ੍ਹੇ ਕਈ ਭੇਤ

ਲੁਧਿਆਣਾ - ਕਚਹਿਰੀ ਬੰਬ ਧਮਾਕੇ ਸਬੰਧੀ ਕੇਂਦਰੀ ਏਜੰਸੀਆਂ ਵਲੋਂ ਕੀਤੀ ਜਾ ਰਹੀ ਜਾਂਚ ਦੌਰਾਨ ਮੁਲਜ਼ਮ ਗਗਨਦੀਪ ਸਿੰਘ ਦੀ ਜਾਣਕਾਰ ਮਹਿਲਾ ਪੁਲੀਸ ਮੁਲਾਜ਼ਮ ਨੇ ਕਈ ਭੇਦ ਖੋਲ੍ਹੇ ਹਨ। ਸੂਤਰਾਂ ਅਨੁਸਾਰ, ਮਹਿਲਾ ਮੁਲਾਜ਼ਮ ਨੇ ਪੁੱਛ-ਪੜਤਾਲ ਦੌਰਾਨ ਦੱਸਿਆ ਕਿ ਉਸ ਦਾ ਆਪਣੇ ਪਤੀ ਨਾਲ ਅਕਸਰ ਲੜਾਈ-ਝਗੜਾ ਰਹਿੰਦਾ ਸੀ ਜਿਸ ਕਾਰਨ ਉਸ ਦੀ ਗਗਨਦੀਪ ਸਿੰਘ ਨਾਲ ਨੇੜਤਾ ਵੱਧ ਗਈ। ਉਹ ਅਕਸਰ ਆਪਸ 'ਚ ਮਿਲਦੇ ਰਹਿੰਦੇ ਸਨ। ਇਸ ਬਾਰੇ ਗਗਨਦੀਪ ਦੇ ਘਰ ਵਾਲਿਆਂ ਨੂੰ ਜਾਣਕਾਰੀ ਨਹੀਂ ਸੀ। ਪੁਲੀਸ ਵਲੋਂ ਮੁਲਜ਼ਮ ਦੇ ਤਿੰਨ ਮਹੀਨੇ ਦੀਆਂ ਫ਼ੋਨ ਕਾਲਾਂ ਦੇ ਵੇਰਵੇ ਵੀ ਪ੍ਰਾਪਤ ਕੀਤੇ ਜਾ ਰਹੇ ਹਨ।ਜਾਂਚ ਏਜੰਸੀਆਂ ਗਗਨਦੀਪ ਸਿੰਘ ਦੇ ਜੇਲ੍ਹ ਅੰਦਰਲੇ ਸਬੰਧਾਂ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ। ਜਾਂਚ ਅਧਿਕਾਰੀਆਂ ਵਲੋਂ ਇਹ ਸ਼ੱਕ ਪ੍ਰਗਟਾਇਆ ਜਾ ਰਿਹਾ ਹੈ ਕਿ ਇਹ ਧਮਾਕਾ ਨਸ਼ਾ ਤਸਕਰਾਂ, ਗੈਂਗਸਟਰਾਂ ਅਤੇ ਦੇਸ਼ ਵਿਰੋਧੀ ਤਾਕਤਾਂ ਨੇ ਮਿਲ ਕੇ ਕੀਤਾ ਹੈ। ਪੰਜਾਬ ਪੁਲੀਸ ਅਤੇ ਹੋਰ ਏਜੰਸੀਆਂ ਵਲੋਂ ਇਸ ਮਾਮਲੇ 'ਚ ਰਣਜੀਤ ਸਿੰਘ ਚੀਤਾ ਅਤੇ ਸੁਖਵਿੰਦਰ ਸਿੰਘ ਬੌਕਸਰ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛ-ਪੜਤਾਲ ਕੀਤੀ ਜਾ ਰਹੀ ਹੈ।ਜਾਂਚ ਅਧਿਕਾਰੀ ਗਗਨਦੀਪ ਦੀ ਲੁਧਿਆਣਾ ਜਾਣ ਤੋਂ ਪਹਿਲਾਂ ਦੀ ਸਰਗਰਮੀ ਜਾਣਨ ਲਈ ਵੀ ਸਰਗਰਮੀ ਨਾਲ ਜਾਂਚ ਕਰ ਰਹੀ ਹੈ। ਏਜੰਸੀਆਂ ਨੂੰ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਧਮਾਕੇ ਵਾਲੇ ਦਿਨ ਲੁਧਿਆਣਾ ਜਾਣ ਤੋਂ ਪਹਿਲਾਂ ਮੁਲਜ਼ਮ ਗਗਨਦੀਪ ਅਤੇ ਮਹਿਲਾ ਕਾਂਸਟੇਬਲ ਆਪਸ 'ਚ ਮਿਲੇ ਸਨ ਅਤੇ 5-6 ਘੰਟੇ ਉਨ੍ਹਾਂ ਇਕੱਠੇ ਹੀ ਗੁਜ਼ਾਰੇ ਸਨ।ਗਗਨਦੀਪ ਦੀ ਪਤਨੀ ਨੇ ਪੁੱਛ-ਪੜਤਾਲ ਦੌਰਾਨ ਕਈ ਖ਼ੁਲਾਸੇ ਕੀਤੇ ਹਨ। ਉਸ ਨੇ ਪੁਲੀਸ ਨੂੰ ਦੱਸਿਆ ਕਿ ਗਗਨਦੀਪ ਅਕਸਰ ਉਸ ਦੀ ਕੁੱਟਮਾਰ ਕਰਦਾ ਸੀ। ਉਹ ਉਸ ਨੂੰ ਆਪਣੀਆਂ ਸਰਗਰਮੀਆਂ ਬਾਰੇ ਕੋਈ ਜਾਣਕਾਰੀ ਨਹੀਂ ਸੀ ਦਿੰਦਾ। ਪੁਲੀਸ ਵਲੋਂ ਜਾਂਚ ਪੜਤਾਲ ਦੌਰਾਨ 22 ƒ• ਫ਼ੁਟੇਜ ਚੈੱਕ ਕਰਨ ਤੋਂ ਪਤਾ ਲੱਗਿਆ ਹੈ ਕਿ ਮੁਲਜ਼ਮ ਗਗਨਦੀਪ ਸਿੰਘ ਲੁਧਿਆਣਾ ਜਾਣ ਤੋਂ ਪਹਿਲਾਂ ਪਤਨੀ ਅਤੇ ਬੇਟੀ ਨੂੰ ਲੈ ਕੇ ਕਿਤੇ ਗਿਆ ਸੀ। ਉੱਥੋਂ ਜਾਂਦੇ ਹੋਏ ਉਸ ਨੇ ਦੱਸਿਆ ਸੀ ਕਿ ਉਹ ਲੁਧਿਆਣਾ ਜਾ ਰਿਹਾ ਹੈ ਅਤੇ ਆਪਣੇ ਵਕੀਲ ਨੂੰ ਮਿਲਣ ਤੋਂ ਬਾਅਦ ਉਹ ਵਿਹਲਾ ਹੋ ਕੇ ਘਰ ਆ ਜਾਏਗਾ। ਜੇ ਉਸ ਨੂੰ ਕਿਸੇ ਕੰਮ ਲਈ ਬਾਹਰ ਜਾਣਾ ਪਿਆ ਤਾਂ ਉਹ 2-4 ਦਿਨ ਬਾਅਦ ਵਾਪਿਸ ਆਵੇਗਾ।



ਲੁਧਿਆਣਾ ਜਾਣ ਤੋਂ ਪਹਿਲਾਂ ਗਗਨਦੀਪ ਨੇ ਆਪਣੀ ਐਕਟਿਵਾ ਥਾਣਾ ਸਿਟੀ-2 ਦੇ ਬਾਹਰ ਖੜ੍ਹੀ ਕੀਤੀ। ਉੱਥੋਂ ਉਹ ਲੁਧਿਆਣਾ ਕਿਵੇਂ ਗਿਆ, ਇਸ ਬਾਰੇ ਕੁੱਝ ਵੀ ਪਤਾ ਨਹੀਂ ਲੱਗ ਰਿਹਾ। ਪੁਲੀਸ ਨੇ ਐਕਟਿਵਾ ਬਰਾਮਦ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।ਲੁਧਿਆਣਾ ਬੰਬ ਧਮਾਕੇ 'ਚ ਮਾਰੇ ਗਏ ਮੁਲਜ਼ਮ ਗਗਨਦੀਪ ਸਿੰਘ ਦਾ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਸੰਸਕਾਰ ਕਰ ਦਿੱਤਾ ਗਿਆ। ਬੀਤੇ ਦਿਨ ਸਿਵਲ ਹਸਪਤਾਲ 'ਚ ਲਾਸ਼ ਦਾ ਪੋਸਟ ਮਾਰਟਮ ਕੀਤਾ ਗਿਆ ਸੀ ਅਤੇ ਸਵੇਰੇ ਉਸ ਦੀ ਲਾਸ਼ ਖੰਨਾ ਲਿਜਾ ਕੇ ਸੰਸਕਾਰ ਕੀਤਾ ਗਿਆ। ਖੰਨਾ ਪੁਲੀਸ ਗਗਨਦੀਪ ਸਿੰਘ ਦੇ ਪੂਰੇ ਪਰਿਵਾਰ ਨੂੰ ਆਪਣੀ ਹਿਰਾਸਤ 'ਚ ਸ਼ਮਸ਼ਾਨਘਾਟ ਲੈ ਕੇ ਆਈ ਅਤੇ ਉਸ ਦੇ ਭਰਾ ਪ੍ਰੀਤਮ ਸਿੰਘ ਨੇ ਚਿਖਾ ਨੂੰ ਅਗਨੀ ਦਿਖਾਈ। ਸੰਸਕਾਰ ਮੌਕੇ ਸਿਰਫ਼ ਪਰਿਵਾਰਕ ਮੈਂਬਰ ਹੀ ਹਾਜ਼ਰ ਹੋਏ। ਇਲਾਕੇ ਦੇ ਲੋਕਾਂ ਨੇ ਆਪਣੇ ਆਪ ਨੂੰ ਇਸ ਤੋਂ ਦੂਰ ਰੱਖਿਆ।

ਖੰਨਾ ਪੁਲੀਸ ਵਲੋਂ ਪਾਇਲ ਇਲਾਕੇ ਦੇ ਵੱਡੇ ਨਸ਼ਾ ਤਸਕਰ ਅਤੇ ਅਕਾਲੀ ਦਲ ਦੇ ਸਾਬਕਾ ਸਰਪੰਚ ਗੁਰਦੀਪ ਰਾਣੂ ਦੇ ਚਚੇਰੇ ਭਰਾ ਇੱਕਬਾਲ ਸਿੰਘ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਲਿਆ ਕੇ ਪੁੱਛਗਿੱਛ ਕੀਤੀ ਜਾ ਰਹੀ ਹੈ। ਪੁਲੀਸ ਨੂੰ ਸ਼ੱਕ ਹੈ ਕਿ ਇਕਬਾਲ ਦੇ ਜ਼ਰੀਏ ਹੀ ਗਗਨਦੀਪ ਨਸ਼ਾ ਸਪਲਾਈ ਕਰਦਾ ਸੀ, ਅਤੇ ਉਸ ਨੂੰ ਵੀ ਬੰਬ ਧਮਾਕੇ ਬਾਰੇ ਕੋਈ ਜਾਣਕਾਰੀ ਹੋ ਸਕਦੀ ਹੈ। ਉਹ ਗਗਨਦੀਪ ਨਾਲ ਹੀ ਲੁਧਿਆਣਾ ਜੇਲ੍ਹ 'ਚ ਬੰਦ ਸੀ। ਸੂਤਰਾਂ ਅਨੁਸਾਰ ਗਗਨਦੀਪ ਸਿੰਘ ਦੇ ਨਾਲ ਇੱਕ ਹੋਰ ਪੁਲੀਸ ਮੁਲਾਜ਼ਮ ਨਾਲ ਵੀ ਸਾਂਝ ਦੱਸੀ ਜਾ ਰਹੀ ਹੈ ਜੋ ਜੇਲ੍ਹ 'ਚ ਕਿਸੇ ਹੋਰ ਮਾਮਲੇ 'ਚ ਬੰਦ ਸੀ। ਉਸ ਨਾਲ ਵੀ ਗਗਨਦੀਪ ਦੀ ਚੰਗੀ ਸਾਂਝ ਸੀ। ਉਹ ਅਕਸਰ ਉਸ ਨੂੰ ਮਿਲਣ ਥਾਣਾ ਸਦਰ ਅਤੇ ਖੰਨਾ ਥਾਣਾ ਸਿਟੀ-2 'ਚ ਮਿਲਣ ਲਈ ਆਉਂਦਾ-ਜਾਂਦਾ ਸੀ। ਪੁਲੀਸ ਨੇ ਉਕਤ ਮੁਲਾਜ਼ਮ ਨੂੰ ਵੀ ਪੁਛਗਿੱਛ ਲਈ ਹਿਰਾਸਤ 'ਚ ਲਿਆ ਹੈ। ਉਸ ਕੋਲੋਂ ਵੀ ਪੁਲੀਸ ਬਰੀਕੀ ਨਾਲ ਪੁੱਛਗਿੱਛ ਕਰ ਰਹੀ ਹੈ।

'ਮਨ ਕੀ ਬਾਤ' 'ਚ ਮੋਦੀ ਨੇ ਕਿਹਾ- ਗਰੁੱਪ ਕੈਪਟਨ 'ਵਰੁਣ ਸਿੰਘ' ਨੇ ਪੂਰੇ ਦੇਸ਼ ਨੂੰ ਪ੍ਰੇਰਿਤ ਕੀਤਾ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' ਨੂੰ ਸੰਬੋਧਨ ਕੀਤਾ। 'ਮਨ ਕੀ ਬਾਤ' ਜ਼ਰੀਏ ਜਿੱਥੇ ਪ੍ਰਧਾਨ ਮੰਤਰੀ ਮੋਦੀ ਨੇ ਕੋਰੋਨਾ ਵਾਇਰਸ ਦੇ ਨਵੇਂ ਵੈਰੀਐਂਟ ਓਮੀਕਰੋਨ ਦੀ ਗੱਲ ਕੀਤੀ, ਉੱਥੇ ਹੀ ਇਸ ਮਹੀਨੇ ਹੀ ਤਾਮਿਲਨਾਡੂ 'ਚ ਹਵਾਈ ਫ਼ੌਜ ਦੇ ਹੈਲੀਕੌਪਟਰ ਹਾਦਸੇ ਦੀ ਵੀ ਗੱਲ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਇਸ ਹਾਦਸੇ 'ਚ ਇਕੱਲੇ ਬਚੇ ਗਰੁੱਪ ਕੈਪਟਨ ਵਰੁਣ ਸਿੰਘ ਬਾਰੇ ਗੱਲ ਕੀਤੀ, ਜੋ ਕਈ ਦਿਨਾਂ ਤਕ ਜ਼ਿੰਦਗੀ ਅਤੇ ਮੌਤ ਨਾਲ ਜੰਗ ਲੜਦੇ ਹੋਏ ਸ਼ਹੀਦ ਹੋ ਗਏ।

ਪ੍ਰਧਾਨ ਮੰਤਰੀ ਨੇ ਕਿਹਾ ਕਿ ਵਰੁਣ ਸਿੰਘ ਨੇ ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਇੱਕ ਚਿੱਠੀ ਲਿਖੀ ਸੀ ਕਿ ਜੇਕਰ ਉਹ ਇੱਕ ਵੀ ਵਿਦਿਆਰਥੀ ਨੂੰ ਪ੍ਰੇਰਣਾ ਦੇ ਸਕੇ, ਤਾਂ ਇਹ ਬਹੁਤ ਹੋਵੇਗਾ।ਅੱਜ ਮੈਂ ਕਹਿਣਾ ਚਹਾਂਗਾ ਕਿ ਉਨ ਾਂ ਨੇ ਪੂਰੇ ਦੇਸ਼ ਨੂੰ ਪ੍ਰੇਰਿਤ ਕੀਤਾ ਹੈ।ਉਨ ਾਂ ਦੀ ਚਿੱਠੀ ਭਾਵੇਂ ਹੀ ਸਿਰਫ਼ ਵਿਦਿਆਰਥੀ ਦੀ ਗੱਲ ਕਰਦੀ ਹੋਵੇ ਪਰ ਉਨ ਾਂ ਨੇ ਸਾਡੇ ਪੂਰੇ ਸਮਾਜ ਨੂੰ ਸੰਦੇਸ਼ ਦਿੱਤਾ। ਸਾਥੀਓ ਔਸਤ ਤੋਂ ਅਸਾਧਾਰਨ ਬਣਨ ਦਾ ਉਨ ਾਂ ਨੇ ਜੋ ਮੰਤਰ ਦਿੱਤਾ, ਉਹ ਵੀ ਉਨਾ ਹੀ ਮਹੱਤਵਪੂਰਨ ਹੈ। ਜ਼ਿਕਰਯੋਗ ਹੈ ਕਿ ਇਸ ਹੈਲੀਕੌਪਟਰ ਹਾਦਸੇ ਵਿੱਚ ਦੇਸ਼ ਦੇ ਪਹਿਲੀ ਸੀ. ਡੀ. ਐੱਸ. ਜਨਰਲ ਬਿਪਿਨ ਰਾਵਤ, ਉਨ ਾਂ ਦੀ ਪਤਨੀ ਸਮੇਤ 13 ਫ਼ੌਜੀ ਵੀਰ ਮਾਰੇ ਗਏ। ਵਰੁਣ ਸਿੰਘ ਮੌਤ ਨਾਲ ਕਈ ਦਿਨ ਲੜੇ ਅਤੇ ਬਾਅਦ 'ਚ ਉਨ ਾਂ ਦਾ ਵੀ ਦਿਹਾਂਤ ਹੋ ਗਿਆ।

ਪ੍ਰਧਾਨ ਮੰਤਰੀ ਨੇ ਇਸ ਦੇ ਨਾਲ ਹੀ ਕਿਹਾ ਕਿ ਨਵੇਂ ਸਾਲ 2022 ਤੋਂ ਪਹਿਲਾਂ ਦੀ ਸ਼ਾਮ ਦੇਸ਼ ਵਾਸੀਆਂ ਨੂੰ ਸ਼ੁੱਭਕਾਮਨਾਵਾਂ ਦੇ ਨਾਲ ਅਪੀਲ ਕੀਤੀ ਕਿ ਉਹ ਮੌਕਿਆਂ 'ਚ ਬਿਨਾਂ ਗੁਆਏ ਅਤੇ ਸਾਧਨਾਂ ਦਾ ਬਿਨਾਂ ਇੱਕ ਕਣ ਗੁਆਏ, ਆਉਣ ਵਾਲੇ ਸਾਲ 2022 ਨੂੰ ਨਵੇਂ ਭਾਰਤ ਦੇ ਨਿਰਮਾਣ ਦੇ ਇਤਿਹਾਸ 'ਚ ਇੱਕ ਸਵਰਨਿਮ ਪੰਨਾ ਬਣਾਓ। 'ਮਨ ਕੀ ਬਾਤ' ਜ਼ਰੀਏ ਮੋਦੀ ਨੇ ਕਿਹਾ ਕਿ ਅਸੀਂ ਇੱਕ ਮਹੀਨੇ ਬਾਅਦ ਫ਼ਿਰ ਮਿਲਾਂਗੇ ਪਰ 2022 ਵਿੱਚ। ਨਵੀਂ ਸ਼ੁਰੂਆਤ ਆਪਣੀ ਤਾਕਤ ਨੂੰ ਪਹਿਚਾਣਨ ਦਾ ਵੀ ਇੱਕ ਮੌਕਾ ਲਿਆਉਂਦੀ ਹੈ। ਜਿਨ ਾਂ ਟੀਚਿਆਂ ਦੀ ਪਹਿਲਾਂ ਅਸੀਂ ਕਲਪਨਾ ਵੀ ਨਹੀਂ ਕਰਦੇ ਸੀ।

ਪ੍ਰਧਾਨ ਮੰਤਰੀ ਨੇ ਕਿਹਾ ਅੱਜ ਦੇਸ਼ ਉਨ ਾਂ ਲਈ ਕੋਸ਼ਿਸ਼ਾਂ ਕਰ ਰਿਹਾ ਹੈ। ਸਾਨੂੰ ਸਾਰਿਆਂ ਨੂੰ ਨਵੇਂ ਟੀਚੇ ਹਾਸਲ ਕਰਨੇ ਹਨ, ਇਸ ਲਈ ਸਾਨੂੰ ਇੱਕ ਪਲ ਗੁਆਏ ਬਿਨਾਂ ਉਸ ਕੰਮ 'ਚ ਲੱਗਣਾ ਹੋਵੇਗਾ। ਸਾਨੂੰ ਦੇਸ਼ ਨੂੰ ਵਿਕਾਸ ਦੀਆਂ ਨਵੀਆਂ ਉੱਚਾਈਆਂ 'ਤੇ ਲੈ ਕੇ ਜਾਣਾ ਹੈ। ਇਹ ਇੱਕ ਤਰ ਾਂ ਨਾਲ ਆਤਮ-ਨਿਰਭਰ ਭਾਰਤ ਦਾ ਹੀ ਮੰਤਰ ਹੈ। ਆਓ ਅਸੀਂ ਆਪਣਾ ਸੰਕਲਪ ਦੁਹਰਾਈਏ ਕਿ ਵੱਡਾ ਸੋਚਾਂਗੇ, ਵੱਡੇ ਸੁਪਨੇ ਦੇਖਾਂਗੇ ਅਤੇ ਉਨ ਾਂ ਨੂੰ ਪੂਰਾ ਕਰਨ ਲਈ ਜੀ-ਜਾਨ ਲਗਾ ਦੇਵਾਂਗੇ।

ਪਟਿਆਲਾ 'ਚ ਕੈਪਟਨ ਦੇ ਮੁਕਾਬਲੇ ਕਾਂਗਰਸ ਕੋਲ ਨਹੀਂ ਕੋਈ ਉਮੀਦਵਾਰ

ਪਟਿਆਲਾ-'ਪੰਜਾਬ ਲੋਕ ਕਾਂਗਰਸ' ਪਾਰਟੀ ਬਣਾਉਣ ਵਾਲੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਅਜੇ ਖ਼ੁਦ ਚੋਣ ਲੜਨ ਸਬੰਧੀ ਆਪਣੇ ਪੱਤੇ ਨਹੀਂ ਖੋਲ੍ਹੇ ਪਰ ਰਾਜਸੀ ਮਾਹਿਰ ਉਨ ਾਂ ਦੇ ਪਟਿਆਲਾ ਸ਼ਹਿਰ ਤੋਂ ਹੀ ਚੋਣ ਲੜਨ ਦੀਆਂ ਕਿਆਸਅਰਾਈਆਂ ਲਾ ਰਹੇ ਹਨ। ਉਹ ਇਥੋਂ ਚੌਥੀ ਵਾਰ ਵਿਧਾਇਕ ਬਣੇ ਹਨ। ਦੂਜੇ ਪਾਸੇ ਕਾਂਗਰਸ ਕੋਲ ਇਸ ਹਲਕੇ 'ਚ ਕੈਪਟਨ ਦੇ ਮੁਕਾਬਲੇ 'ਚ ਉਤਾਰਨ ਲਈ ਕੋਈ ਉਮੀਦਵਾਰ ਨਹੀਂ ਹੈ। ਉਂਜ ਇਸ ਹਲਕੇ ਤੋਂ ਚੋਣ ਲੜਦੇ ਰਹੇ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਨੂੰ ਮਜ਼ਬੂਤ ਉਮੀਦਵਾਰ ਮੰਨਿਆ ਜਾ ਸਕਦਾ ਹੈ ਪਰ ਉਹ ਆਪਣੇ ਹਲਕੇ 'ਪਟਿਆਲਾ ਦਿਹਾਤੀ' ਨੂੰ ਨਹੀਂ ਛੱਡਣਾ ਚਾਹੁੰਦੇ। ਅਜਿਹੇ ਵਿੱਚ ਕਾਂਗਰਸ ਕੋਲ਼ ਕੈਪਟਨ ਨੂੰ ਟੱਕਰ ਦੇਣ ਵਾਲਾ ਕੋਈ ਸਥਾਨਕ ਆਗੂ ਹਾਲੇ ਤਕ ਨਜ਼ਰ ਨਹੀਂ ਆਇਆ। ਜ਼ਿਕਰਯੋਗ ਹੈ ਕਿ ਕੈਪਟਨ ਦੀ ਪਤਨੀ ਪਰਨੀਤ ਕੌਰ ਵੀ ਜਮਿਨੀ ਚੋਣ ਦੌਰਾਨ ਇਥੋਂ ਇੱਕ ਵਾਰ ਵਿਧਾਇਕ ਰਹਿ ਚੁੱਕੇ ਹਨ। ਐਤਕੀ ਬ੍ਰਹਮ ਮਹਿੰਦਰਾ ਦੇ ਫ਼ਰਜੰਦ ਮੋਹਿਤ ਮਹਿੰਦਰਾ ਵੱਲੋਂ ਚੋਣ ਲੜੇ ਜਾਣ ਦੀ ਸੰਭਾਵਨਾ ਹੈ ।ਉਂਜ ਕੈਪਟਨ ਦੀ ਅਧੀਨਗੀ ਵਾਲਾ 'ਪਟਿਆਲਾ ਸ਼ਹਿਰੀ' ਹਲਕਾ ਅਸਲ 'ਚ ਪਹਿਲਾਂ ਬ੍ਰਹਮ ਮਹਿੰਦਰਾ ਦਾ ਹਲਕਾ ਹੀ ਸੀ। ਉਹ 1980, 1985 ਅਤੇ 1992 'ਚ 'ਪਟਿਆਲਾ ਸ਼ਹਿਰੀ' ਹਲਕੇ ਤੋਂ ਵਿਧਾਇਕ ਬਣੇ। ਸਾਲ 2002 ਵਿੱਚ ਉਨ ਾਂ ਦੇ ਇਸ ਹਲਕੇ 'ਤੇ ਕਾਂਗਰਸ ਪ੍ਰਧਾਨ ਵਜੋਂ ਕੈਪਟਨ ਅਮਰਿੰਦਰ ਸਿੰਘ ਨੇ 'ਕਬਜ਼ਾ' ਕਰਦਿਆਂ, ਬ੍ਰਹਮ ਮਹਿੰਦਰਾ ਨੂੰ ਸਮਾਣਾ ਭੇਜ ਦਿੱਤਾ ਸੀ। ਸੂਤਰਾਂ ਅਨੁਸਾਰ ਜੇਕਰ ਸਾਬਕਾ ਮੁੱਖ ਮੰਤਰੀ ਦੀ ਘੇਰਾਬੰਦੀ ਕਰਨ ਦੀ ਵਿਉਂਤਬੰਦੀ ਹੋਈ, ਤਾਂ ਕਾਂਗਰਸ ਜਾਂ ਤਾਂ ਬਾਹਰੋਂ ਕੋਈ ਵੱਡਾ ਆਗੂ ਲਿਆ ਸਕਦੀ ਹੈ ਜਾਂ ਫ਼ੇਰ ਮਹਿੰਦਰਾ ਪਰਿਵਾਰ ਨੂੰ ਹੀ 2 ਟਿਕਟਾਂ ਦੇਣ 'ਤੇ ਵੀ ਵਿੱਚਾਰ ਕਰ ਸਕਦੀ ਹੈ। ਕਿਉਂਕਿ ਹਿੰਦੂ ਚਿਹਰਾ ਹੋਣ ਦੇ ਨਾਲ਼ ਨਾਲ਼ ਕੈਪਟਨ ਵਾਂਗ ਹੀ ਇਸ ਸ਼ਹਿਰ 'ਚ ਬ੍ਰਹਮ ਮਹਿੰਦਰਾ ਦਾ ਵੀ ਚੰਗਾ ਲੋਕ ਆਧਾਰ ਹੈ। ਉਂਜ ਸ੍ਰੀ ਮਹਿੰਦਰਾ, ਪਟਿਆਲਾ ਦਿਹਾਤੀ ਹਲਕੇ ਨੂੰ ਹੀ ਤਰਜੀਹ ਦੇਣ ਦੀ ਗੱਲ ਕਰ ਰਹੇ ਹਨ। ਨਾਲ਼ ਹੀ ਉਨ ਾਂ ਨੇ ਐਤਕੀ ਆਪਣੇ ਪੁੱਤਰ ਨੂੰ ਚੋਣ ਲੜਾਉਣ ਵਲ ਵੀ ਇਸ਼ਾਰਾ ਕੀਤਾ ਹੈ। ਅਕਾਲੀ ਦਲ ਨੇ ਨੌਜਵਾਨ ਆਗੂ ਹਰਪਾਲ ਜੁਨੇਜਾ ਨੂੰ ਚੋਣ ਮੈਦਾਨ 'ਚ ਉਤਾਰ ਦਿੱਤਾ ਹੈ, ਜਿਸ ਦੇ ਪਿਤਾ ਭਗਵਾਨ ਦਾਸ ਜੁਨੇਜਾ ਜਮਿਨੀ ਚੋਣ ਦੌਰਾਨ ਪਰਨੀਤ ਕੌਰ ਦੇ ਮੁਕਾਬਲੇ ਚੋਣ ਲੜੇ ਸਨ।

ਪ੍ਰਕਾਸ਼ ਸਿੰਘ ਬਾਦਲ ਦਾ ਕਾਂਗਰਸ 'ਤੇ ਵੱਡਾ ਹਮਲਾ, ਕਿਹਾ ਹਿੰਦੂ-ਸਿੱਖਾਂ 'ਚ ਫ਼ਰਕ ਪਾਉਣ ਦੀ ਕੀਤੀ ਜਾ ਰਹੀ ਕੋਸ਼ਿਸ਼

ਚੰਡੀਗੜ੍ਹ - ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਕਾਂਗਰਸ 'ਤੇ ਤਿੱਖਾ ਹਮਲਾ ਬੋਲਿਆ ਹੈ। ਚੰਡੀਗੜ੍ਹ 'ਚ ਇੱਕ ਗੱਲਬਾਤ ਦੌਰਾਨ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਕਾਂਗਰਸ ਪੰਜਾਬ ਦੇ ਹਿੰਦੂ-ਸਿੱਖਾਂ 'ਚ ਫ਼ਰਕ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ ਾਂ ਕਿਹਾ ਕਿ ਪੰਜਾਬ 'ਚ ਫ਼ੁੱਟ ਪਾਉਣ ਵਾਲਿਆਂ ਦੇ ਹੌਂਸਲੇ ਇੰਨੇ ਬੁਲੰਦ ਹਨ ਕਿ ਸ੍ਰੀ ਦਰਬਾਰ ਸਾਹਿਬ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀ ਕੋਸ਼ਿਸ਼ ਕੀਤੀ ਗਈ। ਉਸ 'ਤੇ ਪੰਜਾਬ ਸਰਕਾਰ ਨੇ ਇਸ ਦੀ ਜਾਂਚ ਐੱਸ.ਪੀ. ਪੱਧਰ ਦੇ ਅਧਿਕਾਰੀਆਂ ਨੂੰ ਸੌਂਪੀ ਹੈ, ਜੋ ਕਾਫ਼ੀ ਦੁੱਖਦ ਹੈ ਕਿਉਂਕਿ ਇਹ ਸਿੱਖਾਂ ਦੀ ਧਾਰਮਿਕ ਸ਼ਰਧਾ ਨਾਲ ਜੁੜਿਆ ਵੱਡਾ ਮਾਮਲਾ ਹੈ, ਸਰਕਾਰ ਨੂੰ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।

ਬਾਦਲ ਨੇ ਕਿਹਾ ਸ੍ਰੀ ਦਰਬਾਰ ਸਾਹਿਬ 'ਚ ਬੇਅਦਬੀ ਦੀ ਕੋਸ਼ਿਸ਼ ਦੇ ਮਾਮਲੇ ਦੀ ਜਾਂਚ ਨੂੰ ਹਾਈ ਕੋਰਟ ਦੇ ਜੱਜ ਦੀ ਨਿਗਰਾਨੀ 'ਚ ਹੋਣੀ ਚਾਹੀਦੀ ਹੈ। ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸਰਕਾਰ ਦੇ ਕਾਰਜਕਾਲ 'ਚ ਜੋ ਬੇਅਦਬੀ ਦੀਆਂ ਘਟਨਾਵਾਂ ਹੋਈਆਂ, ਉਸ ਦਾ ਅਫ਼ਸੋਸ ਹੈ ਪਰ ਕਾਂਗਰਸ ਇਨ ਾਂ ਮਾਮਲਿਆਂ ਨੂੰ ਸੁਲਝਾਉਣ ਦੀ ਬਜਾਏ ਸਿਰਫ਼ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਕੋਸ਼ਿਸ਼ 'ਤੇ ਤੁਲੀ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਨੇਤਾ ਬਿਕਰਮ ਸਿੰਘ ਮਜੀਠੀਆ 'ਤੇ ਨਸ਼ੇ ਦਾ ਮਾਮਲਾ ਦਰਜ ਕਰਨਾ ਵੀ ਕੇਵਲ ਅਕਾਲੀ ਦਲ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਹੈ ਕਿਉਂਕਿ ਜੇਕਰ ਅਜਿਹਾ ਨਾ ਹੁੰਦਾ ਤਾਂ ਸਾਢੇ ਚਾਰ ਸਾਲ ਤਕ ਸਰਕਾਰ ਸੁੱਤੀ ਕਿਉਂ ਰਹੀ। ਹੁਣ ਜਦੋਂ ਚੋਣਾਂ ਨੂੰ ਕੁਝ ਦਿਨ ਬਚੇ ਹਨ ਤਾਂ ਐੱਫ਼.ਆਈ.ਆਰ. ਦਰਜ ਕਰ ਦਿੱਤੀ ਗਈ ਹੈ। ਕਾਂਗਰਸ ਕੇਵਲ ਬਦਲਾਖੋਰੀ ਦੀ ਰਾਜਨੀਤੀ ਕਰ ਰਹੀ ਹੈ। ਬਾਦਲ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਸੰਯੁਕਤ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਬੇਹੱਦ ਮਾਨ ਸਨਮਾਨ ਦਿੱਤਾ ਹੈ, ਇਸ ਲਈ ਉਨ ਾਂ ਨੂੰ ਸ਼੍ਰੋਮਣੀ ਅਕਾਲੀ ਦਲ 'ਚ ਵਾਪਸੀ 'ਤੇ ਖ਼ੁਦ ਹੀ ਵਿਚਾਰ ਕਰਨਾ ਚਾਹੀਦਾ ਹੈ।

ਸਮੱਗਲਰਾਂ, ਗੈਂਗਸਟਰਾਂ ਦਾ ਸੁਮੇਲ ਖ਼ਤਰਨਾਕ: ਹੈਰੋਇਨ ਦੀ ਵੱਡੀ ਖੇਪ ਮੰਗਵਾਉਣ ਦਾ ਰਿਕਾਰਡ ਤੋੜ ਚੁੱਕਾ ਹੈ ‘ਚੀਂਦਾ’

ਅੰਮ੍ਰਿਤਸਰ - ਲੁਧਿਆਣਾ ਬੰਬ ਬਲਾਸਟ ’ਚ ਮੁੱਖ ਮੁਲਜ਼ਮ ਗਗਨਦੀਪ ਸਿੰਘ ਦਾ ਸਾਥ ਦੇਣ ਵਾਲਾ ਮਾਸਟਰਮਾਈਂਡ ਰਣਜੀਤ ਸਿੰਘ ਚੀਂਦਾ ਕੋਈ ਛੋਟਾ-ਮੋਟਾ ਸਮੱਗਲਰ ਨਹੀਂ ਸਗੋਂ ਹੈਰੋਇਨ ਦੀ ਸਮੱਗਲਿੰਗ ਕਰਨ ’ਚ ਪੂਰੇ ਦੇਸ਼ ਦਾ ਰਿਕਾਰਡ ਤੋੜ ਚੁੱਕਿਆ ਹੈ। ਇਹ ਉਹੀ ਚੀਂਦਾ ਹੈ, ਜਿਸ ਨੇ ਜੂਨ 2019 ’ਚ ਆਈ. ਸੀ. ਪੀ. ਅਟਾਰੀ ਬਾਰਡਰ ’ਤੇ ਪਾਕਿਸਤਾਨ ਤੋਂ ਆਯਾਤ ਲੂਣ ਦੀ ਖੇਪ ਤੋਂ 532 ਕਿਲੋ ਹੈਰੋਇਨ ਤੇ 52 ਕਿਲੋ ਮਿਕਸਡ ਨਾਰਕੋਟਿਕਸ ਮੰਗਵਾ ਕੇ ਹੈਰੋਇਨ ਸਮੱਗਲਿੰਗ ਦੇ ਅਗਲੇ ਪਿਛਲੇ ਸਾਰੇ ਰਿਕਾਰਡ ਤੋੜ ਦਿੱਤੇ ਹਨ। ਹਾਲਾਂਕਿ ਕੁਝ ਮਹੀਨੇ ਪਹਿਲਾਂ ਗੁਜਰਾਤ ਦੇ ਮੁਦਰਾ ਪੋਰਟ ’ਤੇ 3 ਹਜਾਰ ਕਿਲੋ ਹੈਰੋਇਨ ਫ਼ੜੇ ਜਾਣ ਦਾ ਮਾਮਲਾ ਸਾਹਮਣੇ ਆਉਣ ਦੇ ਬਾਅਦ ਚੀਂਦੇ ਦਾ ਰਿਕਾਰਡ ਟੁੱਟ ਚੁੱਕਿਆ ਹੈ। ਜਿਸ ਤਰ੍ਹਾਂ ਤੋਂ ਗੁਜਰਾਤ ’ਚ ਹੈਰੋਇਨ ਦੀ ਵਾਇਆ ਈਰਾਨ ਤੇ ਅਫ਼ਗਾਨਿਸਤਾਨ ਤੋਂ ਖੇਪ ਮੰਗਵਾਈ ਹੈ, ਉਹ ਸਟਾਇਲ ਚੀਂਦੇ ਦਾ ਹੀ ਨਜ਼ਰ ਆਉਂਦਾ ਹੈ, ਅਜਿਹਾ ਸੁਰੱਖ਼ਿਆ ਏਜੰਸੀਆਂ ਨੂੰ ਸ਼ੱਕ ਹੈ।

ਆਪਣੇ ਉਸਤਾਦ ਬਿੱਲਾ ਸਰਪੰਚ ਨੂੰ ਵੀ ਮਾਤ ਦੇ ਗਿਆ ਚੀਂਦਾ :

ਹੈਰੋਇਨ ਸਮੱਗਲਿੰਗ ’ਚ ਸਭ ਤੋਂ ਬਦਨਾਮ ਪਿੰਡ ਹਵੇਲੀਆਂ ਦਾ ਰਹਿਣ ਵਾਲਾ ਚੀਂਦਾ ਹੈਰੋਇਨ ਸਮੱਗਲਿੰਗ ਦੇ ਆਕਾ ਬਲਵਿੰਦਰ ਸਿੰਘ ਉਰਫ਼ ਬਿੱਲਾ ਸਰਪੰਚ ਦੀ ਨੌਕਰੀ ਕਰਦਾ ਹੋਇਆ ਇਸ ਕਾਲੇ ਧੰਦੇ ’ਚ ਆਪਣੇ ਉਸਤਾਦ ਬਿੱਲਾ ਨੂੰ ਵੀ ਮਾਤ ਦੇ ਗਿਆ। ਦੋ ਵਾਰ ਹੈਰੋਇਨ ਦੀ ਖੇਪ ਦੇ ਨਾਲ ਗ੍ਰਿਫ਼ਤਾਰ ਹੋਣ ਦੇ ਬਾਅਦ ਚੀਤੇ ਨੂੰ ਸਾਲ 2018 ’ਚ 10 ਸਾਲ ਦੀ ਸਜ਼ਾ ਵੀ ਸੁਣਾਈ ਗਈ ਪਰ ਉਹ ਫ਼ਰਾਰ ਹੋ ਗਿਆ ।

ਚੀਤੇ ਨੂੰ 10 ਮਹੀਨੇ ਬਾਅਦ ਗ੍ਰਿਫ਼ਤਾਰ ਕਰ ਸਕੀ ਸੀ ਐੱਨ. ਆਈ. ਏ. :

ਚੀਂਦਾ ਇੰਨਾ ਸ਼ਾਤਿਰ ਸਮੱਗਲਰ ਹੈ ਕਿ 30 ਜੂਨ 2019 ਜਿਸ ਦਿਨ ਆਈ. ਸੀ. ਪੀ. ’ਤੇ 532 ਕਿਲੋ ਹੈਰੋਇਨ ਫ਼ੜੀ ਗਈ, ਉਸ ਦੇ 10 ਮਹੀਨੇ ਤਕ ਚੀਂਦਾ ਕਿਸੇ ਵੀ ਏਜੰਸੀ ਦੇ ਹੱਥ ਨਹੀਂ ਲੱਗ ਸਕਿਆ। ਸਾਰੀਆਂ ਸੁਰੱਖ਼ਿਆ ਏਜੰਸੀਆਂ ਨੂੰ ਚਕਮਾ ਦਿੰਦਾ ਰਿਹਾ। ਅੰਮ੍ਰਿਤਸਰ ਪੁਲੀਸ ਦੇ ਸਪੈਸ਼ਲ ਸੈੱਲ ਨੂੰ ਜਦੋਂ ਹਵਾਲਾ ਦੇ ਮਾਮਲੇ ’ਚ ਇੱਕ ਲਿੰਕ ਮਿਲਿਆ ਤਾਂ ਤਦ ਜਾ ਕੇ ਐੱਨ. ਆਈ. ਚੀਤੇ ਨੂੰ ਫ਼ੜ ਸਕੀ ਤੇ ਚੀਤੇ ਦੀ ਗ੍ਰਿਫ਼ਤਾਰੀ ਦਾ ਕ੍ਰੈਡਿਟ ਐੱਨ. ਆਈ. ਏ. ਲੈਂਦੀ ਰਹੀ।

ਖ਼ਤਰਨਾਕ ਅਤਿਵਾਦੀ ਸੰਗਠਨ ਹਿਜਬੁਲ ਨੂੰ ਫ਼ੰਡਿਗ ਕਰ ਰਿਹਾ ਸੀ ਚੀਂਦਾ :

ਰਣਜੀਤ ਸਿੰਘ ਚੀਂਦਾ ਨਾ ਸਿਰਫ਼ ਸਮੱਗਲਿੰਗ ਦੇ ਕਾਲੇ ਕਾਰੋਬਾਰ ’ਚ ਸ਼ਾਮਲ ਸੀ, ਸਗੋਂ ਅਤਿਵਾਦੀਆਂ ਦੇ ਨਾਲ ਹੱਥ ਮਿਲਾ ਕੇ ਬੈਠਾ ਸੀ। ਚੀਤੇ ’ਤੇ ਪਾਕਿ ਦੇ ਖ਼ਤਰਨਾਕ ਅਤਿਵਾਦੀ ਸੰਗਠਨ ਹਿਜਬੁਲ ’ਤੇ ਕਰੋੜਾਂ ਰੁਪਿਆਂ ਦੀ ਫ਼ੰਡਿੰਗ ਕਰਨ ਦਾ ਦੋਸ਼ ਹੈ। ਅੰਮ੍ਰਿਤਸਰ ਦੇ ਇੱਕ ਸੰਵੇਦਨਸ਼ੀਲ ਇਲਾਕੇ ’ਚ ਚੀਤੇ ਨੇ ਹਿਜਬੁਲ ਦੇ ਅਤਿਵਾਦੀ ਡਾਰ ਨੂੰ ਫ਼ੰਡਿੰਗ ਕੀਤੀ ਸੀ, ਜੋ ਬਾਅਦ ’ਚ ਜੰਮੂ-ਕਸ਼ਮੀਰ ’ਚ ਸੁਰੱਖ਼ਿਆ ਬਲਾਂ ਦੇ ਐਨਕਾਊਂਟਰ ’ਚ ਮਾਰਿਆ ਗਿਆ ਸੀ।

ਕਸ਼ਮੀਰ ਦੇ ਤਾਰਿਕ ਅਹਿਮਦ ਲੋਨ ਨਾਲ ਮਿਲ ਕੇ ਮੰਗਵਾਈ ਸੀ ਖੇਪ :

ਚੀਤੇ ਦੇ ਪਾਕਿ ਅਤਿਵਾਦੀਆਂ ਅਤੇ ਜੰਮੂ-ਕਸ਼ਮੀਰ ’ਚ ਸਗਰਰਮ ਅਤਿਵਾਦੀਆਂ ਤੋਂ ਲਿੰਕ ਦਾ ਇਸ ਗੱਲ ਤੋਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਜਿਸ ਸਮੇਂ ਆਈ. ਸੀ. ਪੀ. ਅਟਾਰੀ ਬਾਰਡਰ ’ਤੇ 532 ਕਿਲੋ ਹੈਰੋਇਨ ਫ਼ੜੀ ਗਈ ਤਾਂ ਉਸ ਸਮੇਂ ਵੀ ਚੀਤੇ ਨਾਲ ਮਾਸਟਰਮਾਈਂਡ ਤਾਰਿਕ ਅਹਿਮਦ ਲੋਨ ਵਾਸੀ ਕਸ਼ਮੀਰ ਫ਼ੜਿਆ ਗਿਆ ਸੀ, ਜਿੰਨੇ ਆਈ. ਸੀ. ਪੀ. ’ਤੇ ਪਾਕਿਸਤਾਨੀ ਲੂਣ ਦੀ ਖੇਪ ਮੰਗਵਾਈ ਸੀ।

ਚੀਤੇ ਦੇ ਸਲੀਪਰ ਸੈੱਲ ਤੇ ਦਰਜਨਾਂ ਗੱਡੀਆਂ ਅਜੇ ਵੀ ਸ਼ਿਕੰਜੇ ’ਚੋਂ ਬਾਹਰ :

ਰਣਜੀਤ ਸਿੰਘ ਉਰਫ਼ ਚੀਤੇ ਦੇ 532 ਕਿਲੋ ਹੈਰੋਇਨ ਤੇ 52 ਕਿਲੋ ਮਿਕਸਡ ਨਾਰਕੋਟਿਕਸ ਵਾਲੇ ਕੇਸ ਨੂੰ ਬੜੇ ਭੇਤਭਰੀ ਹਾਲਾਤ ’ਚ ਕਸਟਮ ਵਿਭਾਗ ਤੋਂ ਐੱਨ. ਆਈ. ਏ. ਨੇ ਖੋਹ ਲਿਆ ਸੀ। ਬਾਕਾਇਦਾ ਅਦਾਲਤ ’ਚ ਮੰਗ ਦਰਜ ਕਰ ਕੇ ਕਸਟਮ ਤੋਂ ਕੇਸ ਲਿਆ ਗਿਆ ਪਰ ਉਸ ਸਮੇਂ ਕਸਟਮ ਵਿਭਾਗ ਦੀ ਜਾਂਚ ਰਿਪੋਰਟ ’ਚ ਚੀਤੇ ਦੇ 30 ਤੋਂ ਜ਼ਿਆਦਾ ਸਲੀਪਰ ਸੈੱਲ ਸੁਰੱਖ਼ਿਆ ਏਜੰਸੀਆਂ ਦੇ ਸ਼ਿਕੰਜੇ ’ਚ ਨਹੀਂ ਆ ਸਕੇ ਤੇ ਅਜੇ ਵੀ ਫ਼ਰਾਰ ਹਨ। ਇੰਨਾ ਹੀ ਨਹੀਂ ਹੈਰੋਇਨ ਸਮੱਗਲਿੰਗ ਅਤੇ ਹੋਰ ਕਾਲੇ ਕਾਰਨਾਮਿਆਂ ਲਈ ਪ੍ਰਯੋਗ ਕੀਤੀ ਜਾਣ ਵਾਲੀ ਦਰਜਨਾਂ ਗੱਡੀਆਂ ਵੀ ਅਜੇ ਤਕ ਸੁਰੱਖ਼ਿਆ ਏਜੰਸੀਆਂ ਦੇ ਹੱਥ ਨਹੀਂ ਲੱਗ ਸਕੀਆਂ ਹਨ, ਜਿਨ੍ਹਾਂ ਨੂੰ ਟਰੇਸ ਤੇ ਜ਼ਬਤ ਕਰਨ ਲਈ ਕਸਟਮ ਵਿਭਾਗ ਨੇ ਐੱਨ. ਆਈ. ਏ. ਨੂੰ ਲਿਖਤੀ ਤੌਰ ’ਤੇ ਦਿੱਤਾ ਸੀ।

ਅੰਮ੍ਰਿਤਸਰ ਦੇ ਲੂਣ ਵਪਾਰੀ ਗੁਰਪਿੰਦਰ ਦੀ ਮੌਤ ਅੱਜ ਤਕ ਹੈ ਭੇਤ :

ਚੀਤੇ ਤੇ ਤਾਰਿਕ ਅਹਿਮਦ ਲੋਨ ਦੇ ਨਾਲ-ਨਾਲ ਅੰਮ੍ਰਿਤਸਰ ਦੇ ਇੱਕ ਲੂਣ ਵਪਾਰੀ ਗੁਰਪਿੰਦਰ ਸਿੰਘ ਦਾ ਨਾਂ ਸ਼ਾਮਲ ਸੀ। ਜਿੰਨੇ ਪਹਿਲੀ ਵਾਰ ਲੂਣ ਦੀ ਖੇਪ ਮੰਗਵਾਈ ਸੀ ਪਰ ਜਿਸ ਤਰ੍ਹਾਂ ਨਾਲ ਅੰਮ੍ਰਿਤਸਰ ਦੀ ਕੇਂਦਰੀ ਜੇਲ ’ਚ ਗੁਰਪਿੰਦਰ ਦੀ ਮੌਤ ਹੋਈ ਉਹ ਅੱਜ ਤਕ ਭੇਦ ਬਣੀ ਹੋਈ ਹੈ। ਤੱਤਕਾਲੀਨ ਸੀ. ਐੱਮ. ਕੈਪਟਨ ਅਮਰਿੰਦਰ ਸਿੰਘ ਦੇ ਹੁਕਮਾਂ ਅਨੁਸਾਰ ਏ. ਡੀ. ਸੀ. (ਜ) ਹਿਮਾਂਸ਼ੂ ਅਗਰਵਾਲ ਦੇ ਵਲੋਂ ਗੁਰਪਿੰਦਰ ਦੀ ਮੌਤ ਦੀ ਮੈਜਿਸਟ੍ਰੇਟ ਜਾਂਚ ਕੀਤੀ ਗਈ ਤੇ 800 ਪੰਨਿਆਂ ਦੀ ਰਿਪੋਰਟ ਤਿਆਰ ਕਰ ਕੇ ਸਰਕਾਰ ਨੂੰ ਭੇਜੀ ਗਈ। ਇਹ ਰਿਪੋਰਟ ਇੰਨੀ ਗੋਲਮੋਲ ਸੀ ਕਿ ਅਜੇ ਤਕ ਇਸ ਦਾ ਨਤੀਜਾ ਸਾਹਮਣੇ ਨਹੀਂ ਆਇਆ ਹੈ, ਜਦੋਂਕਿ ਇਸ ’ਚ ਕੇਂਦਰੀ ਜੇਲ ਦੇ ਸਾਰੇ ਕੈਦੀਆਂ ਤੇ ਅਧਿਕਾਰੀਆਂ ਦੇ ਬਿਆਨ ਲੈਣ ਲਈ ਹਿਮਾਂਸ਼ੂ ਅਗਰਵਾਲ ਨੇ ਕਈ ਹਫ਼ਤੇ ਤਕ ਕੇਂਦਰੀ ਜੇਲ ’ਚ ਡੇਰਾ ਪਾ ਰੱਖ਼ਿਆ ਸੀ। ਗੁਰਪਿੰਦਰ ਦੇ ਪਰਿਵਾਰ ਵਾਲੇ ਅੱਜ ਤਕ ਇਸ ਮਾਮਲੇ ’ਚ ਇਨਸਾਫ਼ ਦੀ ਗੁਹਾਰ ਲਗਾ ਰਹੇ ਹੈ, ਜਿਸ ਤਰ੍ਹਾਂ ਨਾਲ ਇਸ ਕੇਸ ’ਚ ਗੁਰਪਿੰਦਰ ਨੂੰ ਰਸਤੇ ਤੋਂ ਹਟਾਇਆ ਗਿਆ ਉਹ ਸਾਬਤ ਕਰਦਾ ਹੈ ਕਿ ਇਹ ਇੱਕ ਵੱਡੀ ਸਾਜ਼ਿਸ਼ ਸੀ।

ਐੱਨ. ਆਈ. ਏ. ਨੂੰ ਸੌਂਪੀ ਗਈ ਗੱਡੀਆਂ ਦੀ ਲਿਸਟ :

ਚੀਤੇ ਵਲੋਂ ਇਸਤੇਮਾਲ ਕੀਤੀ ਗਈ ਗੱਡੀਆਂ ਦੀ ਲਿਸਟ ਜੋ ਕਸਟਮ ਵਿਭਾਗ ਨੇ ਐੱਨ. ਆਈ. ਏ. ਨੂੰ ਸੌਂਪੀ ਸੀ। ਪੀ.ਬੀ. 06 4ਤ5585, ਪੀ.ਬੀ. 03 ਏ.ਏ.7594, ਪੀ.ਬੀ. 09 ਯੂ. 5809, ਪੀ.ਬੀ. 02 ਡੀ.ਬੀ. 2574, ਪੀ.ਬੀ. 02 ਏ. ਐੱਨ. 7188, ਪੀ.ਬੀ. 06 ਯੂ 8800, ਡੀ.ਐੱਲ. 08 ਸੀ.ਕੇ. 7695, ਪੀ.ਬੀ. 02 ਸੀ.ਡੀ. 5858, ਪੀ.ਬੀ. 02 ਡੀ.ਵੀ. 6197 ਸ਼ਾਮਲ ਹਨ।

Insurance
Solid like a Rock
Are you paying too much for Auto, Home, Business, Workman Compensation, Contractors, General Liability, E&O ?
Call us today for complimentary analysis of your policy.
Sharanjit Singh Thind
Licensed P&C Insurance Broker/ Notary Public
(Service with Honesty & Smile, Since 2012)
Tel: 516-654-4488
insure@nlightfin.com www.nlightfin.com

Solid like a Rock
Looking to Buy/Sell ?
We know the difference between Home & House
Honesty, Integrity & Experience
Specializing in Investment & Income Producing Real Estate
Nlight Real Estate
Tel:516 NLIGHT4
Since 2007
Sharanjit Singh Thind
Real Estate Broker/Notary Public
180 Broadway, PH 3A, Hicksville NY 11801
Email: homes@nlightrealestate.com
www.nlightrealestate.com

ਰਿਆਇਤਾਂ ਅਤੇ ਲੁਭਾਉਣੇ ਸੁਪਨੇ, ਗਰੀਬ ਦਾ ਢਿੱਡ ਨਹੀਂ ਭਰ ਸਕਦੇ

ਇਹ ਕਿਹੋ ਜਿਹਾ ਵਿਕਾਸ ਹੈ ਕਿ ਇੱਕ ਪਾਸੇ ਦੇਸ਼ ਦੀ ਅਰਥ ਵਿਵਸਥਾ ਉਛਾਲ ਮਾਰ ਰਹੀ ਹੈ ਅਤੇ ਦੂਜੇ ਪਾਸੇ ਬੇਰੁਜ਼ਗਾਰੀ ਛਾਲਾਂ ਮਾਰ ਰਹੀ ਹੈ।

ਪਿਛਲੇ ਦੋ ਵਰ੍ਹਿਆਂ ਵਿੱਚ ਬਾਰਾਂ ਕਰੋੜ ਤੋਂ ਜ਼ਿਆਦਾ ਰੁਜ਼ਗਾਰ ਘਟੇ ਹਨ ਅਤੇ 2025 ਦੇ ਆਉਂਦੇ-ਆਉਂਦੇ ਇਤਨੇ ਹੀ ਹੋਰ ਰੁਜ਼ਗਾਰ ਘੱਟ ਹੋ ਜਾਣਗੇ। ਭਾਵ ਇਹ ਕਿ ਪੱਚੀ ਕਰੋੜ ਲੋਕ ਨਵੇਂ ਬੇਰੁਜ਼ਗਾਰ ਹੋ ਜਾਣਗੇ।

ਕਿਹਾ ਜਾ ਰਿਹਾ ਹੈ ਕਿ ਆਰਥਕ ਵਾਧੇ ਦੀ ਦਰ ਡੇਢ ਫ਼ੀਸਦੀ ਹੈ। ਸਵਾਲ ਉਠਦਾ ਹੈ ਕਿ ਤਾਂ ਫਿਰ ਬੇਰੁਜ਼ਗਾਰੀ ਕਿਉਂ ਵੱਧ ਰਹੀ ਹੈ? ਇਹ ਇੱਕ ਬੁਝਾਰਤ ਹੈ, ਜਿਸਨੂੰ ਸਮਝਣਾ ਪਵੇਗਾ।

ਗਰੀਬਾਂ ਨੂੰ ਰਿਆਇਤਾਂ

ਇਹ ਇੱਕ ਸੱਚਾਈ ਹੈ ਕਿ ਪੂੰਜੀਵਾਦ ਗਰੀਬਾਂ ਅਤੇ ਕਮਜ਼ੋਰਾਂ ਨੂੰ ਮਿੱਧਕੇ, ਉਹਨਾ ਦੀ ਲਾਸ਼ ਉਤੇ ਪਨਪਦਾ ਹੈ, ਪਰ ਉਹਨਾ ਦੇ ਜੀਵਨ ਨੂੰ ਲਾਸ਼ ਬਨਣ ਤੱਕ ਦੀ ਯਾਤਰਾ ਦੇ ਲਈ ਉਸਨੂੰ ਜੀਊਂਦਾ ਰੱਖਣ ਲਈ ਚੀਜ਼ਾਂ ਦੇ ਮੁੱਲ ਘੱਟ ਰੱਖਣਾ, ਅਰਥਾਤ ਰਾਜ ਕੋਸ਼ ਵਿਚੋਂ ਉਹਨਾ ਨੂੰ ਘੱਟ ਦਰਾਂ ਉਤੇ ਅਨਾਜ਼ ਆਦਿ ਮੁਹੱਈਆ ਕਰਵਾਉਣਾ ਜ਼ਰੂਰਤ ਬਣਾ ਦਿੱਤੀ ਗਈ ਹੈ। ਦੇਸ਼ ਦੀ ਕੁੱਲ ਆਬਾਦੀ 133 ਕਰੋੜ ਵਿਚੋਂ ਦੋ ਤਿਹਾਈ ਆਬਾਦੀ ਨੂੰ ਨੈਸ਼ਨਲ ਫੂਡ ਸਕਿਊਰਿਟੀ ਐਕਟ 2013 ਅਧੀਨ ਇੱਕ ਰੁਪਿਆ ਕਿਲੋ ਕਣਕ ਅਤੇ ਚਾਵਲ ਦੇਣਾ ਤਹਿ ਕੀਤਾ ਗਿਆ ਹੈ। ਮੱਧ ਵਰਗ ਨੂੰ ਖੁਸ਼ ਅਤੇ ਆਪਣੇ ਵੱਲ ਖਿੱਚਕੇ ਰੱਖਣ ਲਈ ਮਹਿੰਗਾਈ ਘੱਟ ਕਰਨ ਅਤੇ ਲੋੜ ਦੀਆਂ ਚੀਜ਼ਾਂ ਸੌਖਿਆਂ ਉਪਲਬੱਧ ਕਰਾਉਣਾ ਵੀ ਜ਼ਰੂਰੀ ਸਮਝਿਆ ਜਾ ਰਿਹਾ ਹੈ।

ਗਰੀਬ ਅਮੀਰ ਦਾ ਪਾੜਾ

7 ਦਸੰਬਰ 2021 ਨੂੰ ਦੁਨੀਆਂ ਦੇ ਸੌ ਅਰਥ ਸ਼ਾਸ਼ਤਰੀਆਂ ਨੇ ਵਿਸ਼ਵ ਅਸਮਾਨਤਾ ਰਿਪੋਰਟ ਜਾਰੀ ਕੀਤੀ ਹੈ। ਇਹ ਰਿਪੋਰਟ ਉਸ ਰਿਪੋਰਟ ਤੋਂ ਵੱਖਰੀ ਹੈ ਜੋ ਪਿਛਲੇ ਕੁਝ ਵਰ੍ਹਿਆਂ ਤੋਂ ਆਕਸਫੋਰਡ ਅਤੇ ਕੈਂਬਰਿਜ਼ ਯੂਨੀਵਰਸਿਟੀਆਂ ਵਲੋਂ ਜਾਰੀ ਕੀਤੀ ਜਾਂਦੀ ਹੈ। ਭਾਰਤ ਸਬੰਧੀ ਇਸ ਰਿਪੋਰਟ ਵਿੱਚ ਦਿੱਤੇ ਗਏ ਅੰਕੜੇ ਬਹੁਤ ਹੀ ਗੰਭੀਰ ਅਤੇ ਫ਼ਿਕਰ ਕਰਨ ਵਾਲੇ ਹਨ। ਇਹੋ ਜਿਹੀਆਂ ਰਿਪੋਰਟਾਂ ਦਾ ਭਾਰਤ ਸਰਕਾਰ ਨੇ ਕਦੇ ਖੰਡਨ ਨਹੀਂ ਕੀਤਾ। ਇਸ ਰਿਪੋਰਟ ਅਨੁਸਾਰ ਭਾਰਤ ਦੀ ਅੱਧੀ ਆਬਾਦੀ ਭਾਵ 65 ਕਰੋੜ ਲੋਕਾਂ ਦੀ ਕਮਾਈ ਇਸ ਸਾਲ 13 ਫ਼ੀਸਦੀ ਘੱਟ ਹੋਈ ਹੈ। ਪਿਛਲੇ ਵਰ੍ਹੇ ਇਹ ਤਾਲਾਬੰਦੀ ਦੇ ਦੌਰ ਵਿੱਚ 30 ਫ਼ੀਸਦੀ ਘੱਟ ਹੋਈ ਸੀ।

ਰਿਪੋਰਟ ਵਿੱਚ ਹੋਰ ਵੀ ਅਚੰਭੇ ਵਾਲੀਆਂ ਗੱਲਾਂ ਦਰਸਾਈਆਂ ਗਈਆਂ ਹਨ। ਇਕ ਇਹ ਕਿ ਦੇਸ਼ ਭਾਰਤ ਦੀ ਅੱਧੀ ਆਬਾਦੀ ਕੋਲ ਜਾਇਦਾਦ ਦੇ ਨਾਮ ਜਿਹਾ ਕੁਝ ਵੀ ਨਹੀਂ ਹੈ। ਦੇਸ਼ ਦੀ ਆਬਾਦੀ ਦੇ 50 ਫ਼ੀਸਦੀ ਕੋਲ ਔਸਤਨ 66,230 ਰੁਪਏ ਪ੍ਰਤੀ ਵਿਅਕਤੀ ਜਾਇਦਾਦ ਹੈ, ਜੋ ਦੇਸ਼ ਦੀ ਕੁਝ ਜਾਇਦਾਦ ਦਾ ਸਿਰਫ਼ 6 ਫ਼ੀਸਦੀ ਹੈ। ਇਸ ਜਾਇਦਾਦ ਦਾ ਅੱਜ ਅਰਥ ਕੀ ਹੈ? ਇਸ ਰਕਮ ਨਾਲ ਤਾਂ ਰਹਿਣ ਲਈ ਇੱਕ ਕਮਰਾ ਵੀ ਨਹੀਂ ਬਣ ਸਕਦਾ।

ਅੰਕੜਿਆਂ ਦੀ ਖੇਡ

ਔਸਤ ਦੇ ਅੰਕੜਿਆ ਦਾ ਖੇਲ ਵੀ ਨਿਰਾਲਾ ਹੈ। ਜਦੋਂ ਗਰੀਬ ਦੀ ਜਾਇਦਾਦ ਦੀ ਔਸਤ ਕੱਢੀ ਜਾਂਦੀ ਹੈ ਤਾਂ ਅਮੀਰਾਂ ਦੀ ਜਾਇਦਾਦ ਵੀ ਓਸ ਵਿੱਚ ਸ਼ਾਮਲ ਕੀਤੀ ਹੁੰਦੀ ਹੈ। ਜਿਸਦੇ ਕੋਲ ਲੱਖਾਂ ਕਰੋੜਾਂ ਦੀ ਜਾਇਦਾਦ ਹੈ ਅਤੇ ਅਮੀਰਾਂ ਦੀ ਜਾਇਦਾਦ ਦੀ ਔਸਤ ਕੱਢਦੇ ਸਮੇਂ ਉਹ ਪੰਜਾਹ ਫ਼ੀਸਦੀ ਵੀ ਵਿੱਚ ਸਾਮਲ ਹੁੰਦੇ ਹਨ ਜਿਹਨਾ ਕੋਲ ਕਹਿਣ ਲਈ ਔਸਤ ਜਾਇਦਾਦ ਲਗਭਗ 66 ਹਜ਼ਾਰ ਦੇ ਆਸਪਾਸ ਹੈ, ਪਰ ਇਹ ਅਸਲ ਵਿੱਚ 66 ਹਜ਼ਾਰ ਵੀ ਨਹੀਂ ਹੁੰਦੀ ਅਰਥਾਤ ਦੇਸ਼ ਦੀ ਸੰਪੂਰਨ ਆਬਾਦੀ ਦਾ ਮਿਲਿਆ ਜੁਲਿਆ ਔਸਤ ਕੱਢਣ ਲਈ ਅਮੀਰ ਦੀ ਜਾਇਦਾਦ ਘੱਟ ਅਤੇ ਗਰੀਬ ਦੀ ਜਾਇਦਾਦ ਵੱਧ ਆਂਕੀ ਜਾਂਦੀ ਹੈ।

ਮੱਧ ਵਰਗ ਦੀ ਗੱਲ ਕਰ ਲਵੋ। ਦੇਸ਼ ਦੇ ਕੁੱਲ ਆਬਾਦੀ ਵਿਚੋਂ ਇਹ ਆਬਾਦੀ 20 ਕਰੋੜ ਦੱਸੀ ਜਾਂਦੀ ਹੈ, ਇਹਨਾ ਦੀ ਕੁੱਲ ਔਸਤ ਜਾਇਦਾਦ 7,29,000 ਰੁਪਏ ਪ੍ਰਤੀ ਵਿਅਕਤੀ ਹੈ, ਜੋ ਦੇਸ਼ ਦੀ ਕੁੱਲ ਜਾਇਦਾਦ ਦਾ ਸਾਢੇ ਉਨੱਤੀ (29.5 ਫ਼ੀਸਦੀ) ਹੈ। ਅਰਥਾਤ ਦੇਸ਼ ਦੀ ਕੁੱਲ ਸੌ ਕਰੋੜ ਆਬਾਦੀ ਦੇ ਕੋਲ ਦੇਸ਼ ਦੀ ਕੁੱਲ ਜਾਇਦਾਦ ਦਾ 35 ਫ਼ੀਸਦੀ ਅਤੇ ਬਾਕੀ ਬਕਾਇਆ 65 ਫ਼ੀਸਦੀ ਅਮੀਰਾਂ ਦੀ ਜਾਇਦਾਦ ਹੈ।

ਦੇਸ਼ ਦੇ ਉਪਰਲੇ ਤੇਰਾਂ ਕਰੋੜ ਲੋਕਾਂ ਦੀ ਔਸਤਨ ਜਾਇਦਾਦ 63,54,00 ਪ੍ਰਤੀ ਵਿਅਕਤੀ ਹੈ ਅਤੇ ਦੇਸ਼ ਦੇ ਇੱਕ ਫ਼ੀਸਦੀ ਕੋਲ ਔਸਤਨ 3 ਕਰੋੜ 24 ਲੱਖ 49 ਹਜ਼ਾਰ ਰੁਪਏ ਹੈ ਜੋ ਦੇਸ਼ ਦੀ ਕੁਲ ਜਾਇਦਾਦ ਦਾ 33 ਫ਼ੀਸਦੀ ਹੈ।

ਭਾਰਤ ਦੇ ਨਾਗਰਿਕਾਂ ਦੀ ਆਂਕੀ ਗਈ ਆਮਦਨ ਔਸਤਨ 2 ਲੱਖ ਰੁਪਏ ਹੈ ਜਦਕਿ 50 ਫ਼ੀਸਦੀ ਕਮਾਊ ਬੰਦਿਆਂ ਦੀ ਆਮਦਨ ਸਿਰਫ਼ 53000 ਸਲਾਨਾ ਹੈ ਅਰਥਾਤ 4000 ਰੁਪਏ ਮਹੀਨਾ। ਇਹ ਭਾਰਤ ਦੀ ਅਸਲ ਤਸਵੀਰ ਹੈ। ਇਹਨਾ ਉਪਰੋਕਤ ਅੰਕੜਿਆਂ ਨੂੰ ਦੇਸ਼ ਦਾ ਹਾਕਮ ਲੁਕਾਉਂਦਾ ਹੈ। ਗਰੀਬਾਂ ਦੇ ਅੰਕੜਿਆਂ ਨੂੰ ਉਹਨਾ ਦੀ ਆਮਦਨ ਨੂੰ ਛੁਪਾ ਕੇ ਰੱਖਦਾ ਹੈ ਅਤੇ ਪ੍ਰਚਾਰ ਤੰਤਰ ਦੇ ਰਾਹੀਂ ਰਿਆਇਤਾਂ ਦੇ ਕੇ ਗਰੀਬਾਂ ਲਈ ਲੁਭਾਉਣੇ ਸੁਪਨੇ ਦਿਖਾਉਣ ਦੇ ਰਾਹ ਪਿਆ ਹੋਇਆ ਹੈ, ਜੋ ਅਸਲ ਵਿੱਚ ਉਹਨਾ ਦਾ ਢਿੱਡ ਨਹੀਂ ਭਰਦੇ।

ਦੇਸ਼ ਵਿੱਚ ਅਸਮਾਨਤਾ ਇੰਨੀ ਵੱਧ ਚੁੱਕੀ ਹੈ ਕਿ ਪੂੰਜੀਵਾਦੀ ਦੁਨੀਆ, ਹਾਕਮ ਅਤੇ ਪ੍ਰਚਾਰ ਤੰਤਰ ਗਰੀਬੀ ਮਿਟਾਉਣ ਜਾਂ ਬਰਾਬਰੀ ਦੀ ਚਰਚਾ ਕਰਨ ਤੋਂ ਬਚਦਾ ਹੈ, ਕਿਉਂਕਿ ਉਹ ਜਾਣਦਾ ਹੈ ਕਿ ਇਹ ਚਰਚਾ ਉਹਦੇ ਲਈ ਕਾਲ ਸਾਬਤ ਹੋਏਗੀ।

ਵਿਕਾਸ ਅਤੇ ਬੇਰੁਜ਼ਗਾਰੀ

ਦੇਸ਼ ਵਿੱਚ ਪਿਛਲੇ ਦੋ ਸਾਲਾਂ ਵਿੱਚ ਰੋਜ਼ਗਾਰ ਤੇਜ਼ੀ ਨਾਲ ਘਟਿਆ ਹੈ, ਜਦਕਿ ਭਾਰਤ ਸਰਕਾਰ ਅਰਥ ਵਿਵਸਥਾ ਦੇ ਵਿਕਾਸ ਦਾ ਦਾਅਵਾ ਕਰਦੀ ਹੈ। ਸਰਕਾਰੀ ਪੱਖ ਦਾ ਕਹਿਣਾ ਹੈ ਕਿ ਅਸੀਂ ਮਹਾਂਮਾਰੀ ਦੌਰ ਪਾਰ ਕਰ ਲਿਆ ਹੈ।

ਉਹਨਾ ਦਾ ਕਹਿਣਾ ਹੈ ਕਿ ਮਹਾਂਮਾਰੀ ਤੋਂ ਪਹਿਲਾਂ ਵਿਕਾਸ ਵਾਧਾ ਦਰ 7.1 ਫ਼ੀਸਦੀ ਸੀ ਜੋ ਹੁਣ ਵਿਕਾਸ ਵਾਧਾ ਦਰ 8.4 ਫ਼ੀਸਦੀ ਹੋ ਗਈ ਹੈ। ਪਰ ਇਸਦੇ ਬਾਰੇ ਸਾਜ਼ਿਸ਼ੀ ਚੁੱਪੀ ਹੈ ਕਿ ਬੇਰੁਜ਼ਗਾਰੀ ਦਰ ਕਿਉਂ ਵੱਧ ਰਹੀ ਹੈ?

ਸ਼ੜਜੰਤਰ

ਸਰਕਾਰੀ ਅੰਕੜੇ ਧੋਖੇਬਾਜ਼ੀ ਕਰਦੇ ਹਨ। ਜਿਹੜੀ ਗੱਲ ਲੁਕਾਉਣ ਵਾਲੀ ਹੈ, ਉਹ ਲੁਕੋ ਲੈਂਦੇ ਹਨ, ਜਿਹੜੀ ਗੱਲ ਦਰਸਾਉਣ ਨਾਲ ਉਹਨਾ ਦਾ ਅਕਸ ਸਾਫ਼-ਸੁਥਰਾ ਲਗਦਾ ਹੈ, ਉਸਨੂੰ ਪ੍ਰਚਾਰ ਤੰਤਰ ਰਹੀਂ ਪ੍ਰਚਾਰ ਕਰਦੇ ਹਨ। ਉਦਾਹਰਨ ਵਜੋਂ ਸਰਕਾਰ ਕਹਿੰਦੀ ਹੈ ਕਿ ਕਿਸਾਨ ਅੰਦੋਲਨ ਦੌਰਾਨ ਜੋ 700 ਦੇ ਲਗਭਗ ਕਿਸਾਨ ਆਪਣੀ ਜਾਨ ਗੁਆ ਬੈਠੇ ਹਨ, ਉਹਨਾ ਸਬੰਧੀ ਉਹਨਾ ਕੋਲ ਕੋਈ ਵੇਰਵੇ ਹੀ ਨਹੀਂ ਹਨ। ਕਿੱਡਾ ਵੱਡਾ ਮਜ਼ਾਕ ਹੈ ਇਹ।

ਦੂਜੇ ਪਾਸੇ ਸਰਕਾਰ ਮੁਲਾਂਕਣ ਪੇਸ਼ ਕਰਦੀ ਹੈ ਕਿ ਦੇਸ਼ ਦਾ ਉਪਭੋਗਤਾ ਮੁੱਲ ਸੂਚਾਂਕ ਪਿਛਲੇ ਲੰਮੇ ਸਮੇਂ ਤੋਂ 4 ਤੋਂ 5 ਫ਼ੀਸਦੀ ਤੱਕ ਟਿਕਿਆ ਹੋਇਆ ਹੈ। ਪਰ ਥੋਕ ਮੁੱਲ 12 ਫ਼ੀਸਦੀ ਪਾਰ ਕਰ ਗਿਆ ਹੈ।

ਹੁਣ ਜੇਕਰ ਥੋਕ ਮੁੱਲ ਵਧਣਗੇ ਤਾਂ ਕੀ ਉਪਭੋਗਤਾ ਮੁੱਲ ਸੂਚਾਂਕ ਕਿਉਂ ਨਹੀਂ ਵਧੇਗਾ। ਇਹ ਤਾਂ ਆਪਣੇ ਆਪ ਵਧੇਗਾ। ਪਰ ਸਰਕਾਰ ਇਹ ਮਾਮਲੇ ਤੇ ਚੁੱਪ ਹੈ। ਅਸਲ ਵਿੱਚ ਇਹ ਸਰਕਾਰ ਦਾ ਇੱਕ ਵੱਡਾ ਸ਼ੜਯੰਤਰ ਹੈ।

ਉਪਭੋਗਤਾਵਾਂ ਦੀ ਜੇਬ ਕੁਤਰੀ

ਪਿਛਲੇ ਦੋ ਸਾਲਾਂ ਵਿੱਚ ਭਾਰਤ ਸਰਕਾਰ ਨੇ ਲਗਭਗ 8 ਲੱਖ ਕਰੋੜ ਰੁਪਏ ਕੇਵਲ ਡੀਜ਼ਲ-ਪੈਟਰੋਲ ਦੇ ਮੁੱਲ ਵਿੱਚ ਟੈਕਸ ਵਾਧੇ ਨਾਲ ਕਮਾਏ ਹਨ, ਗੈਸ, ਸਿਲੰਡਰਾਂ ਦੀ ਕੀਮਤ ਵਾਧੇ ਨਾਲ ਜੋ ਸਰਕਾਰ ਦੇ ਟੈਕਸਾਂ ਦੇ ਭੜੋਲੇ ਭਰੇ ਹਨ, ਉਹ ਵੱਖਰੇ ਹਨ। ਇੱਕ ਪਾਸੇ ਸਰਕਾਰ ਦਾ ਡਿਜ਼ੀਟਲਾਈਜੇਸ਼ਨ ਦਾ ਪ੍ਰੋਗਰਾਮ ਹੈ। ਦੂਜੇ ਪਾਸੇ ਰਿਲਾਇੰਸ ਅਤੇ ਹੋਰ ਮੋਬਾਇਲ ਕੰਪਨੀਆਂ ਵਲੋਂ ਇਕਦਮ ਇੰਟਰਨੈਟ ਦੀਆਂ ਦਰਾਂ ਵਿੱਚ ਵਾਧਾ ਹੋ ਗਿਆ ਹੈ, ਜਿਸਨੂੰ ਸਮਝਣਾ ਪਵੇਗਾ। ਹੁਣ ਜਦ ਸਿੱਖਿਆ ਤੋਂ ਲੈ ਕੇ ਹੋਰ ਹਰ ਕੰਮ ਆਨ-ਲਾਈਨ ਅਤੇ ਡਿਜ਼ੀਟਲ ਹੋਣਾ ਹੈ, ਤਦ ਲਗਭਗ 100 ਰੁਪਏ ਤੋਂ 200 ਰੁਪਏ ਤੱਕ ਇੰਟਰਨੈਟ ਦਾ ਮੁੱਲ ਵਧਾ ਦਿੱਤਾ ਗਿਆ ਹੈ। ਇਕੱਲੇ ਨਵੰਬਰ 2021 ਵਿੱਚ ਲਗਭਗ 40 ਹਜ਼ਾਰ ਕਰੋੜ ਰੁਪਏ ਉਪਭੋਗਤਾਵਾਂ ਦੀ ਜੇਬ ਵਿੱਚ ਇੰਟਰਨੈਟ ਦੇ ਮਾਲਕਾਂ ਨੇ ਖਿਸਕਾ ਲਏ ਹਨ।

ਸੜਕਾਂ ਉੱਤੇ ਨਿਕਲਕੇ ਜ਼ਿੰਦਗੀ ਦੇ ਅਰਥ ਲੱਭਣਾ ਕੀ ਗੁਨਾਹ ਹੈ?

ਮਨੁੱਖੀ ਅਧਿਕਾਰਾਂ ਦਾ ਘਾਣ ਭਾਰਤ ਵਿੱਚ ਪਿਛਲੇ ਸਮੇਂ ਦੌਰਾਨ ਮੌਜੂਦਾ ਹਾਕਮ ਧਿਰ ਨੇ ਜਿਵੇਂ ਕੀਤਾ ਹੈ, ਸ਼ਾਇਦ ਦੇਸ਼ ਦੀ ਆਜ਼ਾਦੀ ਦੇ 74 ਵਰ੍ਹਿਆਂ ਵਿੱਚ ਕਿਸੇ ਵੀ ਹੋਰ ਸਰਕਾਰ ਨੇ ਨਾ ਕੀਤਾ ਹੋਵੇ। ਆਪਣੀ ਹੋਂਦ ਅਤੇ ਆਪਣੇ ਅਧਿਕਾਰਾਂ ਦੀ ਲੜਾਈ ਲੜ ਰਿਹਾ ਦੇਸ਼ ਦਾ ਕਿਸਾਨ ਮੁਢਲੇ ਮਨੁੱਖੀ ਅਧਿਕਾਰ ਖੋਹੇ ਜਾਣ ਕਾਰਨ ਪੀੜਤ ਰਿਹਾ! ਸੰਘਰਸ਼ ਲੜਦਿਆਂ, ਅੱਤਵਾਦੀ, ਵੱਖਵਾਦੀ, ਖਾਲਸਤਾਨੀ, ਦੇਸ਼ਧ੍ਰੋਹੀ, ਸ਼ਹਿਰੀ-ਨਕਸਲੀ, ਅੰਦੋਲਨਜੀਵੀ ਅਤੇ ਪਰਜੀਵੀ ਕਹਿਲਾਇਆ। ਅਣਕਿਆਸੀਆਂ ਹਾਲਤਾਂ ਵਿੱਚ ਦਿੱਲੀ ਦੀਆਂ ਬਰੂਹਾਂ 'ਤੇ ਖੁੱਲ੍ਹੀ ਜੇਲ੍ਹ ਸਿਰਜਕੇ ਸਰਕਾਰ ਵੱਲੋਂ ਅੰਦੋਲਨਕਾਰੀਆਂ ਨੂੰ ਬੰਦੀ ਬਣਾ ਦਿੱਤਾ ਗਿਆ। ਆਪਣੀ ਗੱਲ ਕਹਿਣ ਦੇ ਨਾਗਰਿਕ ਦੇ ਹੱਕ ਨੂੰ ਖੋਹਦਿਆਂ ਦਿੱਲੀ ਤਕ ਮਾਰਚ ਕਰਨ 'ਤੇ ਉਸ 'ਤੇ ਰੋਕ ਲਗਾ ਦਿੱਤੀ ਗਈ। ਉਹਦੇ ਰਾਹ ਵਿੱਚ ਕੰਡੇ, ਕਿੱਲਾਂ ਵਿਛਾ ਦਿੱਤੇ ਗਏ, ਬੰਦਿਸ਼ਾਂ ਲਗਾ ਦਿੱਤੀਆਂ ਗਈਆਂ। ਉਨ੍ਹਾਂ ਨਾਲ ਇਵੇਂ ਵਰਤਾਰਾ ਕੀਤਾ ਗਿਆ ਜਿਵੇਂ ਉਹ ਸਰਹੱਦੋਂ ਪਾਰ ਦੇ ਲੋਕ ਹੋਣ। ਕੀ ਇਹ ਉਨ੍ਹਾਂ ਦੇ ਮੁਢਲੇ ਅਧਿਕਾਰਾਂ ਦਾ ਹਨਨ ਨਹੀਂ ਸੀ?

ਪੂਰਾ ਇੱਕ ਵਰ੍ਹਾ ਉਨ੍ਹਾਂ ਨੂੰ ਆਪਣੇ ਖੇਤਾਂ-ਖਲਿਆਣਾਂ, ਆਪਣੀਆਂ ਪੈਲੀਆਂ, ਆਪਣੇ ਪਸ਼ੂਆਂ, ਆਪਣੇ ਬੱਚਿਆਂ ਤੋਂ ਦੂਰ ਰਹਿਣ ਲਈ ਮਜਬੂਰ ਕਰ ਦਿੱਤਾ ਗਿਆ। ਕੀ ਇਹ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ 'ਤੇ ਛਾਪਾ ਨਹੀਂ ਸੀ? ਕੜਕਦੀ ਧੁੱਪ, ਠੰਢੀਆਂ ਠਾਰ ਰਾਤਾਂ, ਬਰਸਾਤ ਦੇ ਮੌਸਮ ਦੀ ਮਾਰ ਝੱਲਦਿਆਂ ਉਨ੍ਹਾਂ ਨੂੰ ਟਾਇਲਟਾਂ-ਬਾਥਰੂਮਾਂ ਬਿਨਾਂ, ਖੁੱਲ੍ਹੇ ਵਿੱਚ ਇਸ਼ਨਾਨ ਕਰਨੇ ਪਏ, ਜੰਗਲ-ਪਾਣੀ ਜਾਣਾ ਪਿਆ, ਅਣਮਨੁੱਖੀ ਜੀਵਨ ਹਾਲਤਾਂ ਵਿੱਚ ਰਹਿਣਾ ਪਿਆ। ਕੀ ਇਹ ਉਨ੍ਹਾਂ ਦੇ ਮਨੁੱਖੀ ਅਧਿਕਾਰਾਂ ਦਾ ਹਨਨ ਨਹੀਂ ਸੀ? ਬਜ਼ੁਰਗ, ਔਰਤਾਂ ਸਿਹਤ ਸਹੂਲਤਾਂ ਤੋਂ ਵਿਰਵੇ ਰਹੇ। ਇਸ ਤੋਂ ਵੱਡੀ ਹੋਰ ਕਿਹੜੀ ਤ੍ਰਾਸਦੀ ਹੋ ਸਕਦੀ ਹੈ ਕਿ 700 ਦੇ ਲਗਭਗ ਕਿਸਾਨ ਇਸ ਸੰਘਰਸ਼ ਦੌਰਾਨ ਆਪਣੀਆਂ ਜਾਨਾਂ ਗੁਆ ਬੈਠੇ। ਕੀ ਇਹ ਮਨੁੱਖੀ ਅਧਿਕਾਰਾਂ ਦਾ ਘਾਣ ਨਹੀਂ ਸੀ?

ਕਸ਼ਮੀਰੀ ਲੋਕਾਂ ਦੇ ਹੱਕ ਖੋਹ ਲਏ ਗਏ। ਧਾਰਾ 370 ਖਤਮ ਕਰ ਦਿੱਤੀ ਗਈ। ਜੰਮੂ-ਕਸ਼ਮੀਰ ਦੇ ਤਿੰਨ ਟੋਟੇ ਕਰ ਦਿੱਤੇ ਗਏ। ਇਹ ਕਸ਼ਮੀਰੀ ਲੋਕਾਂ ਨਾਲ ਮੌਕੇ ਦੀ ਹਕੂਮਤ ਦੀ ਵਾਅਦਾ ਖਿਲਾਫ਼ੀ ਸੀ, ਅਕ੍ਰਿਤਘਣਤਾ ਸੀ। ਨੌਜਵਾਨਾਂ ਦਾ ਨਿੱਤ ਝੂਠੇ ਮੁਕਾਬਲਿਆਂ ਵਿੱਚ ਸੁਰੱਖਿਆ ਬਲਾਂ ਵੱਲੋਂ ਕਤਲ, ਬਿਨਾਂ ਮੁਕੱਦਮਾ ਚਲਾਏ ਵਰ੍ਹਿਆਂ ਬੱਧੀ ਕਸ਼ਮੀਰੀਆਂ ਨੂੰ ਜੇਲ੍ਹੀਂ ਡੱਕਣਾ ਕਿਹੜੇ ਲੋਕਤੰਤਰ ਦੀ ਤਸਵੀਰ ਹੈ? ਗ਼ੈਰ ਲੋਕਤੰਤਰੀ ਹਾਕਮਾਂ ਵੱਲੋਂ ਸੰਵਿਧਾਨ ਨਾਲ ਖਿਲਵਾੜ ਕਰਦਿਆਂ ਮਨੁੱਖੀ ਹੱਕਾਂ ਉੱਤੇ ਛਾਪਾ ਕੀ ਜਾਇਜ਼ ਹੈ?

ਵਿਚਾਰਾਂ ਦੇ ਵਖਰੇਵੇਂ ਕਾਰਨ ਸ਼ਾਹੀਨ ਬਾਗ਼ ਵਿੱਚ ਲੱਗਿਆ ਦਾਦੀਆਂ, ਨਾਨੀਆਂ, ਸਿਆਣੀਆਂ, ਸੁਆਣੀਆਂ ਦਾ ਮੋਰਚਾ, ਮਜ਼ਹਬ, ਫਿਰਕੇ ਇਲਾਕੇ ਤੋਂ ਉੱਪਰ ਉੱਠ ਕੇ ਮਾਨਵੀ ਇਤਿਹਾਸ ਦਾ ਇੱਕ ਵੱਖਰਾ ਪੈਂਤੜਾ ਸੀ, ਜਿਸ ਨੇ ਫਿਰਕੂ ਹਾਕਮ ਧਿਰ ਦੇ ਛੱਕੇ ਛੁਡਾ ਦਿੱਤੇ। ਸ਼ਾਹੀਨ ਬਾਗ਼ ਨੇ ਮੁਹੱਬਤ ਦੀ ਆਜ਼ਾਦੀ, ਸੰਗਤ ਦੀ ਸੁਹਬਤ ਦੀ ਬਾਤ ਪਾਈ। ਇਨਸਾਨੀ ਤਾਰੀਖ਼ ਦੇ ਵਰਕੇ 'ਤੇ ਇੱਕ ਸੁਨਹਿਰੀ ਬਾਬ ਉੱਕਰਿਆ ਗਿਆ, ਜਿਸ ਨੇ ਬੋਲਣ ਦੀ, ਲਿਖਣ ਦੀ, ਆਜ਼ਾਦੀ ਮੰਗੀ। ਵਿਹੜਿਆਂ, ਬਸਤੀਆਂ, ਚੋਪਾਲ, ਸੱਥ ਵਿੱਚੋਂ ਉੱਠ ਲੋਕਾਂ ਨੇ ਵਿਚਾਰਕਾਂ, ਚਿੰਤਕਾਂ, ਬੁੱਧੀਮਾਨਾਂ ਦੇ ਵਿਚਾਰ ਸੁਣੇ, ਜਿਨ੍ਹਾਂ ਨੇ ਹੱਕ, ਨਿਆਂ, ਸੋਂਦਰਯ ਸੰਵਿਧਾਨ ਦੇ ਗੂੜ੍ਹੇ ਅੱਖਰਾਂ ਵਾਲੇ ਸਫ਼ਿਆਂ ਦੇ ਪੱਤਰੇ ਫੋਲੇ। ਇਹ ਹਕੂਮਤ ਨੂੰ ਰਾਸ ਨਾ ਆਏ।

ਸਾਜ਼ਿਸ਼ ਤਹਿਤ ਇਸ ਸੱਚ ਨੂੰ ਪੁਲਿਸ ਬੁਲਾ ਕੇ ਸੈਂਕੜੇ ਗੁੰਡਿਆਂ ਦੀ ਸਹਾਇਤਾ ਨਾਲ ਸ਼ਾਹੀਨ ਬਾਗ਼ ਤੋਂ ਉਠਾ ਦਿੱਤਾ। ਕਰੋਨਾ ਮਹਾਂਮਾਰੀ ਦਾ ਰੌਲਾ ਪਾ ਕੇ ਦੇਸ਼ ਦੀ ਉੱਚ ਅਦਾਲਤ ਤੋਂ ਧਰਨਾ ਚੁੱਕਣ ਦੇ ਹੁਕਮ ਪ੍ਰਾਪਤ ਕਰਨ ਦਾ ਯਤਨ ਹੋਇਆ। 2020 ਵਿੱਚ ਫਿਰਕੂ ਦੰਗੇ ਕਰਵਾਏ ਗਏ। ਉੱਤਰ ਪੂਰਬੀ ਦਿੱਲੀ ਵਿੱਚ 53 ਲੋਕ ਮਾਰੇ ਗਏ। 200 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋਏ। ਮੁੱਖ ਤੌਰ 'ਤੇ ਹਿੰਦੂ ਭੀੜ ਵੱਲੋਂ ਮੁਸਲਮਾਨਾਂ 'ਤੇ ਹਮਲੇ ਹੋਏ। ਮਾਰੇ ਗਏ 53 ਲੋਕਾਂ ਵਿੱਚੋਂ 2 ਤਿਹਾਈ ਮੁਸਲਮਾਨ ਸਨ, ਜਿਨ੍ਹਾਂ ਨੂੰ ਗੋਲੀ ਮਾਰੀ ਗਈ, ਤਲਵਾਰਾਂ ਨਾਲ ਵੱਢ ਦਿੱਤਾ ਗਿਆ ਅਤੇ ਅੱਗ ਨਾਲ ਜਲਾ ਦਿੱਤਾ ਗਿਆ। ਇਨ੍ਹਾਂ ਦੰਗਿਆਂ ਨੇ 1984 ਦੇ ਸਿੱਖ ਕਤਲੇਆਮ ਦੀ ਯਾਦ ਦਿੱਲੀ ਨੂੰ ਤਾਜ਼ਾ ਕਰਵਾ ਦਿੱਤੀ। ਹਿੰਸਾ ਖ਼ਤਮ ਹੋਣ ਦੇ ਇੱਕ ਹਫ਼ਤੇ ਤੋਂ ਵੀ ਵੱਧ ਸਮਾਂ ਬਾਅਦ ਸੈਂਕੜੇ ਜ਼ਖ਼ਮੀ ਇਲਾਜ ਖੁਣੋ ਤੜਫਦੇ ਰਹੇ ਅਤੇ ਲਾਸ਼ਾਂ ਖੁੱਲ੍ਹੀਆਂ ਨਾਲੀਆਂ ਵਿੱਚ ਪਈਆਂ ਵੇਖੀਆਂ ਗਈਆਂ। ਇਹ ਘਟਨਾਵਾਂ 23 ਫਰਵਰੀ 2020 ਤੋਂ 29 ਫਰਵਰੀ 2020 ਦੇ ਦੌਰਾਨ ਵਾਪਰੀਆਂ। ਕਿਸ ਕਿਸਮ ਦਾ ਗਣਤੰਤਰ ਹੈ ਇਹ? ਕਿਸ ਕਿਸਮ ਦਾ ਲੋਕਤੰਤਰ ਹੈ ਇਹ? ਕਿਸ ਕਿਸਮ ਦੇ ਲੋਕ ਦੇਸ਼ ਦੇ ਹਾਕਮ ਹਨ ਜਿਹੜੇ ਵਿਰੋਧੀ ਵਿਚਾਰਾਂ ਨੂੰ ਪ੍ਰਵਾਨ ਨਹੀਂ ਕਰਦੇ? ਕੀ ਇਹ ਸਭ ਕੁਝ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਨਹੀਂ ਕਿ ਜ਼ਖ਼ਮੀ ਨੂੰ ਇਲਾਜ ਨਾ ਮਿਲੇ? ਮਰੇ ਜਾਂ ਮਾਰੇ ਗਏ ਨੂੰ ਕਬਰ ਜਾਂ ਸ਼ਮਸ਼ਾਨ ਨਾ ਮਿਲੇ ਤੇ ਉਹ ਨਾਲੀਆਂ ਗਲੀਆਂ ਵਿੱਚ ਰੁਲਦਾ ਰਹੇ। ਦਹਿਸ਼ਤ ਦੇ ਮਾਰਿਆ ਕੋਈ ਉਸ ਦੀ ਲਾਸ਼ ਨੂੰ ਸੰਭਾਲਣ ਦਾ ਹੌਸਲਾ ਵੀ ਨਾ ਕਰ ਸਕੇ।

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
PUNJABI DUNIYA
ISSN No. 1554 06X
ਚੇਅਰਮੈਨ : ਕਰਮ ਸਿੰਘ ਥਿੰਦ
ਪ੍ਰੈਜ਼ੀਡੈਂਟ : ਭੁਪਿੰਦਰ ਕੌਰ ਥਿੰਦ
ਐਡੀਟਰ - ਇਨ - ਚੀਫ ਅਤੇ ਪਬਲੀਸ਼ਰ : ਸ਼ਰਨਜੀਤ ਸਿੰਘ ਥਿੰਦ
ਡਿਪਟੀ ਮੈਨੇਜਿੰਗ ਐਡੀਟਰ : ਰਾਜ ਰਾਹੀ
ਕੰਟਰੀਬਿਊਟਿੰਗ ਰਾਈਟਰ : ਸੋਨੀਆ ਗਾਬਾ
ਚੀਫ ਫੋਟੋਗ੍ਰਾਫਰ : ਵਿਜੈ ਸ਼ਾਹ
ਫੋਟੋਗ੍ਰਾਫਰ : ਹਮਾਦ
ਐਡੀਟੋਰੀਅਲ ਇੰਟਰਨ : ਰੌਬਿਨ ਸਿੰਘ ਥਿੰਦ
ਸ਼ਪੈਸ਼ਲ ਕੋਰੋਸਪੌਂਡੈਂਸ :
ਗਗਨਦੀਪ ਸਿੰਘ (ਇੰਡੀਆ)
ਵੈਬ ਕੋਆਰਡੀਨੇਟਰ : ਹਰਪ੍ਰੀਤ ਸਿੰਘ
Published by Punjabi Duniya.com LLC
(A Division of Media Partners Capital , Inc.)
Address :
P.O Box 7005 Hicksville New York 11801
Phone: 917 612 3158 TelFax : 516 342 1076
punjabiduniya@gmail.com, thesouthasianinsider@gmail.com
www.punjabiduniya.com

Disclaimer The South Asian Insider is a weekly newspaper published every week by The South Asian Insider. It's available in community & religious centers, ethnic grocery stores and also available by mail, email & online to subscribers. The opinions, beliefs and viewpoints expressed by the various writers, authors and forum participants in The South Asian Insider do not necessarily reflect the opinions, beliefs and viewpoints of the Editor. All advertisers advertising in The South Asian Insider assume responsibility for accuracy of their advertisements. The South Asian Insider and/or people associated with it are not responsible for any claims made by the advertisers and don't endorse any product or services advertised in The South Asian Insider. We strongly urge consulting your lawyer before buying/contracting /hiring through the ads published in the newspaper. We are in the business of selling space and claims made by the advertisers are not authenticated or confirmed by an independent source

Thinking of Buying/Selling ?

WIN ZONE Realty Inc.

WIN ZONE REALTY INC.

Baldev Singh

Associate Broker/Notary Public
146-20 34 av. Flushing NY 11354
Cell : 917-224-7395
Email : josanbaldev@yahoo.com

ਇੱਕ ਨੌਜਵਾਨ ਨੇ ਬ੍ਰਿਟਿਸ਼ ਮਹਾਰਾਣੀ ਨੂੰ ਮਾਰਨ ਦੀ ਦਿੱਤੀ ਧਮਕੀ, ਕਿਹਾ- ਜਲਿ ਆਂਵਾਲਾ ਕਤਲੇਆਮ ਦਾ ਲੈਣਾ ਚਾਹੁੰਦਾ ਹਾਂ ਬਦਲਾ

ਲੰਡਨ - ਜਲਿਆਂਵਾਲਾ ਬਾਗ ਦੇ ਕਤਲੇਆਮ ਦਾ ਬਦਲਾ ਲੈਣ ਲਈ ਇੱਕ ਨੌਜਵਾਨ ਤੀਰ-ਕਮਾਨ ਸਮੇਤ ਬ੍ਰਿਟੇਨ ਦੀ ਮਹਾਰਾਣੀ ਐਲਿਜ਼ਾਬੈੱਥ ਦੇ ਮਹਿਲ ਵਿੱਚ ਦਾਖਲ ਹੋਇਆ। ਬ੍ਰਿਟਿਸ ਮਹਾਰਾਣੀ ਐਲਿਜ਼ਾਬੈੱਥ ਕ੍ਰਿਸਮਸ ਮਨਾਉਣ ਵਿੰਡਸਰ ਕੈਸਲ ਪਹੁੰਚੀ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਹਮਲਾਵਰ ਨੇ ਬਿਆਨ ਵਿੱਚ ਆਪਣਾ ਨਾਮ ਜਸਵੰਤ ਸਿੰਘ ਚੈਲ ਦੱਸਿਆ ਅਤੇ ਉਸ ਦੀ ਉਮਰ 19 ਸਾਲ ਹੈ। ਉਹ 1919 ਵਿੱਚ ਅੰਮ੍ਰਿਤਸਰ ਕਤਲੇਆਮ ਦਾ ਬਦਲਾ ਲੈਣ ਲਈ ਰਾਣੀ ਨੂੰ ਮਾਰਨ ਆਇਆ ਸੀ। ਪੁਲੀਸ ਨੇ ਉਸ ਨੂੰ ਮਾਨਸਿਕ ਸਿਹਤ ਐਕਟ ਤਹਿਤ ਹਿਰਾਸਤ ਵਿੱਚ ਲੈ ਲਿਆ ਹੈ।

'ਦਿ ਸੰਨ' ਦੀ ਰਿਪੋਰਟ ਮੁਤਾਬਕ ਲੰਡਨ ਪੁਲੀਸ ਉਸ ਦੀ ਮਾਨਸਿਕ ਸਿਹਤ ਦੀ ਜਾਂਚ ਕਰਵਾ ਰਹੀ ਹੈ। ਨੌਜਵਾਨ ਨੂੰ ਮੈਡੀਕਲ ਕਰਮਚਾਰੀਆਂ ਦੀ ਨਿਗਰਾਨੀ ਹੇਠ ਰੱਖਿਆ ਗਿਆ ਹੈ। ਇਸ ਘਟਨਾ ਦੀ ਇੱਕ ਹੈਰਾਨ ਕਰਨ ਵਾਲੀ ਵੀਡੀਓ ਸਾਹਮਣੇ ਆਈ ਹੈ ਜਿਸ ਵਿੱਚ ਹਮਲਾਵਰ ਨੌਜਵਾਨ ਤੀਰਾਂ ਨਾਲ ਲੈੱਸ ਨਜ਼ਰ ਆ ਰਿਹਾ ਹੈ। ਨੌਜਵਾਨ ਨੇ ਕ੍ਰਿਸਮਿਸ ਵਾਲੇ ਦਿਨ ਸਵੇਰੇ 8:06 ਵਜੇ ਸਨੈਪਚੈਟ 'ਤੇ ਇੱਕ ਵੀਡੀਓ ਅਪਲੋਡ ਕੀਤਾ ਸੀ। ਉਸ ਨੂੰ ਵਿੰਡਸਰ ਕੈਸਲ ਦੇ ਅੰਦਰੋਂ ਹਿਰਾਸਤ ਵਿੱਚ ਲਿਆ ਗਿਆ ਹੈ।

ਨੌਜਵਾਨ ਹਮਲਾਵਰ ਨੇ ਆਪਣੀ ਆਵਾਜ਼ ਲੁਕਾਉਣ ਲਈ ਫ਼ਿਲਟਰ ਦੀ ਵਰਤੋਂ ਕੀਤੀ। ਉਸ ਨੇ ਹੁਡੀ ਅਤੇ ਇੱਕ ਮਾਸਕ ਪਾਇਆ ਹੋਇਆ ਸੀ। ਉਸ ਦਾ ਪਹਿਰਾਵਾ ਸਟਾਰ ਵਾਰਜ ਫ਼ਿਲਮ ਤੋਂ ਪ੍ਰੇਰਿਤ ਜਾਪਦਾ ਹੈ। ਉਸ ਨੇ ਵੀਡੀਓ 'ਚ ਕਿਹਾ ਕਿ ਮੈਨੂੰ ਮੁਆਫ਼ ਕਰਨਾ। ਮੈਂ ਜੋ ਕੁਝ ਕੀਤਾ, ਉਸ ਲਈ ਮੁਆਫ਼ੀ ਚਾਹੁੰਦਾ ਹਾਂ ਅਤੇ ਜੋ ਮੈਂ ਕਰਾਂਗਾ ਉਸ ਲਈ ਵੀ ਮੁਆਫ਼ੀ ਚਾਹਾਂਗਾ। ਮੈਂ ਮਹਾਰਾਣੀ ਐਲਿਜ਼ਾਬੈੱਥ ਨੂੰ ਮਾਰਨ ਦੀ ਕੋਸ਼ਿਸ਼ ਕਰਾਂਗਾ। ਇਹ 1919 ਦੇ ਜਲਿ ਆਂਵਾਲਾ ਬਾਗ ਸਾਕੇ ਵਿੱਚ ਮਾਰੇ ਗਏ ਲੋਕਾਂ ਦਾ ਬਦਲਾ ਹੈ।ਨੌਜਵਾਨ ਨੇ ਅੱਗੇ ਕਿਹਾ ਕਿ ਇਹ ਉਨ੍ਹਾਂ ਲੋਕਾਂ ਦਾ ਬਦਲਾ ਹੈ, ਜਿਨ੍ਹਾਂ ਨੂੰ ਜਲਿ ਆਂਵਾਲਾ ਬਾਗ 'ਚ ਸ਼ਹੀਦ ਕੀਤਾ ਗਿਆ ਸੀ। ਉਨ੍ਹਾਂ ਨੂੰ ਉਨ੍ਹਾਂ ਦੀ ਨਸਲ ਕਾਰਨ ਤੰਗ ਕੀਤਾ ਗਿਆ ਅਤੇ ਉਨ੍ਹਾਂ ਨਾਲ ਵਿਤਕਰਾ ਕੀਤਾ ਗਿਆ। ਮੈਂ ਇੱਕ ਭਾਰਤੀ ਸਿੱਖ ਹਾਂ। ਮੇਰਾ ਨਾਮ ਜਸਵੰਤ ਸਿੰਘ ਚੈਲ ਹੈ। ਫ਼ਿਲਹਾਲ ਮੇਰਾ ਨਾਮ ਡਾਰਥ ਜੋਨਸ ਹੈ। ਜ਼ਿਕਰਯੋਗ ਹੈ ਕਿ ਜਲਿ ਆਂਵਾਲਾ ਬਾਗ ਦੇ ਸਾਕੇ ਵਿੱਚ ਅੰਗਰੇਜ਼ਾਂ ਵਲੋਂ 379 ਲੋਕਾਂ ਨੂੰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ ਅਤੇ 1200 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਸਨ। ਇਸ ਵੀਡੀਓ ਤੋਂ ਇਲਾਵਾ ਸਨੈਪਚੈਟ 'ਤੇ ਇੱਕ ਸੰਦੇਸ ਵੀ ਦਿੱਤਾ ਗਿਆ ਸੀ। ਇਸ 'ਚ ਕਿਹਾ ਗਿਆ ਸੀ ਕਿ ਜਿਨ੍ਹਾਂ ਨਾਲ ਮੈਂ ਗਲਤ ਕੀਤਾ ਹੈ ਜਾਂ ਉਨ੍ਹਾਂ ਨਾਲ ਝੂਠ ਬੋਲਿਆ ਹੈ, ਉਹ ਮੈਨੂੰ ਮੁਆਫ਼ ਕਰ ਦੇਣ। ਨੌਜਵਾਨ ਨੇ ਕਿਹਾ ਕਿ ਜੇਕਰ ਇਹ ਸੰਦੇਸ਼ ਤੁਹਾਨੂੰ ਇਹ ਮਿਲ ਗਿਆ ਹੈ ਤਾਂ ਜਾਣ ਲੈਣਾ ਕਿ ਮੇਰੀ ਮੌਤ ਨੇੜੇ ਹੈ। ਕ੍ਰਿਪਾ ਕਰ ਕੇ ਇਸ ਖ਼ਬਰ ਨੂੰ ਉਨਾਂ ਨਾਲ ਸਾਂਝਾ ਕਰੋ ਜੋ ਦਿਲਚਸਪੀ ਰੱਖਦੇ ਹਨ। ਪੁਲੀਸ ਨੇ ਅਜੇ ਤਕ ਹਮਲਾਵਰ ਦਾ ਨਾਮ ਜਾਰੀ ਨਹੀਂ ਕੀਤਾ ਹੈ। ਪੁਲੀਸ ਨੇ ਦੱਸਿਆ ਕਿ ਹਮਲਾਵਰ ਪੈਲੇਸ ਦੇ ਬਾਗ 'ਚ ਘੁੰਮਦੇ ਹੋਏ ਸੀ.ਸੀ.ਟੀ.ਵੀ 'ਚ ਕੈਦ ਹੋ ਗਿਆ।

ਉਹ ਬਾਹਰਲੀ ਕੰਧ ਟੱਪ ਕੇ ਅੰਦਰ ਦਾਖਲ ਹੋਇਆ ਸੀ। ਬ੍ਰਿਟਿਸ਼ ਪੁਲੀਸ ਹੁਣ ਵੀਡੀਓ ਦੀ ਜਾਂਚ ਕਰ ਰਹੀ ਹੈ।

ਕੋਰੋਨਾ ਮਹਾਂਮਾਰੀ ਕਾਰਨ ਵਧੀਆਂ ਪਰਿਵਾਰਕ ਪ੍ਰੇਸ਼ਾਨੀਆਂ 'ਤੇ ਬੋਲੇ ਪੋਪ ਫ਼ਰਾਂਸਿਸ, ਵਿਆਹੇ ਜੋੜਿਆਂ ਨੂੰ ਦਿੱਤੀ ਇਹ ਨਸੀਹਤ

ਰੋਮ -ਪੋਪ ਫ਼ਰਾਂਸਿਸ ਨੇ ਕਿਹਾ ਕਿ ਕੋਰੋਨਾਵਾਇਰਸ ਮਹਾਂਮਾਰੀ ਕਾਰਨ ਕੁਝ ਪਰਿਵਾਰਕ ਪ੍ਰੇਸ਼ਾਨੀਆਂ ਵੱਧ ਗਈਆਂ ਹਨ ਪਰ ਵਿਆਹੁਤਾ ਲੋਕਾਂ ਨੂੰ ਵਿਆਹ ਦੇ ਸਬੰਧ ਵਿੱਚ 3 ਸ਼ਬਦਾਂ 'ਬੇਨਤੀ, ਧੰਨਵਾਦ ਅਤੇ ਮੁਆਫ਼ੀ' ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ। ਫ਼ਰਾਂਸਿਸ ਦਾ ਵਿਆਹੇ ਜੋੜਿਆਂ ਨੂੰ ਲਿਖਿਆ ਇੱਕ ਪੱਤਰ ਯਿਸੂ ਦੇ ਪਰਿਵਾਰ ਦੀ ਯਾਦ ਵਿੱਚ ਇੱਕ ਕੈਥੋਲਿਕ ਉਤਸਵ ਦੇ ਦਿਨ ਜਾਰੀ ਹੋਇਆ। ਪੋਪ ਨੇ ਪੱਤਰ ਵਿੱਚ ਲਿਖਿਆ ਕਿ ਤਾਲਾਬੰਦੀ ਅਤੇ ਇਕਾਂਤਵਾਸ ਦੇ ਚੱਲਦੇ ਪਰਿਵਾਰਾਂ ਨੂੰ ਜ਼ਿਆਦਾ ਸਮਾਂ ਇਕੱਠੇ ਬਿਤਾਉਣ ਦਾ ਮੌਕਾ ਮਿਲਿਆ ਸੀ, ਪਰ ਇਸ ਤਰ੍ਹਾਂ ਜ਼ਬਰਦਸਤੀ ਨਾਲ ਰਹਿਣਾ ਕਈ ਵਾਰ ਮਾਤਾ-ਪਿਤਾ ਅਤੇ ਭੈਣ-ਭਰਾ ਦੇ ਸਬਰ ਦਾ ਇਮਤਿਹਾਨ ਲੈਂਦਾ ਹੈ ਅਤੇ ਕੁੱਝ ਮਾਮਲਿਆਂ ਵਿੱਚ ਪ੍ਰੇਸ਼ਾਨੀਆਂ ਦਾ ਕਾਰਨ ਬਣਦਾ ਹੈ। ਫ਼ਰਾਂਸਿਸ ਨੇ ਪੱਤਰ ਵਿੱਚ ਲਿਖਿਆ, 'ਪਹਿਲਾਂ ਤੋਂ ਮੌਜੂਦ ਪ੍ਰੇਸ਼ਾਨੀਆਂ ਹੋਰ ਵੱਧ ਗਈਆਂ ਹਨ, ਜਿਸ ਨਾਲ ਟਕਰਾਅ ਪੈਦਾ ਹੋ ਰਿਹਾ ਹੈ। ਕੁਝ ਮਾਮਲਿਆਂ ਵਿੱਚ ਇਹ ਟਕਰਾਅ ਅਸਿਹ ਹੋ ਜਾਂਦੇ ਹਨ। ਕਈ ਵਾਰ ਤਾਂ ਰਿਸ਼ਤੇ ਵਿੱਚ ਵੱਖ ਹੋਣ ਤਕ ਦੀ ਨੌਬਤ ਆ ਜਾਂਦੀ ਹੈ।' ਉਨ੍ਹਾਂ ਲਿਖਿਆ, 'ਵਿਆਹ ਦਾ ਟੁੱਟਣਾ ਕਾਫ਼ੀ ਦੁੱਖਦਾਈ ਹੁੰਦਾ ਹੈ, ਕਿਉਂਕਿ ਕਈ ਉਮੀਦਾਂ ਦਮ ਤੋੜ ਦਿੰਦੀਆਂ ਹਨ ਅਤੇ ਗ਼ਲਤਫ਼ਹਿਮੀਆਂ ਕਾਰਨ ਟਕਰਾਅ ਵੱਧਦਾ ਹੈ ਅਤੇ ਇਸ ਦਰਦ ਨੂੰ ਆਸਾਨੀ ਨਾਲ ਦੂਰ ਨਹੀਂ ਕੀਤਾ ਜਾ ਸਕਦਾ ਹੈ।' ਪੋਪ ਨੇ ਕਿਹਾ, 'ਯਾਦ ਰੱਖੋ, ਮੁਆਫ਼ੀ ਹਰ ਜ਼ਖ਼ਮ ਨੂੰ ਭਰ ਦਿੰਦੀ ਹੈ।' ਪੋਪ ਨੇ ਕਿਹਾ ਕਿ ਵਿਆਹ ਦੇ ਸਬੰਧ ਵਿੱਚ 3 ਮਹੱਤਵਪੂਰਨ ਸ਼ਬਦ ਹਮੇਸ਼ਾ ਯਾਦ ਰੱਖੋ: 'ਬੇਨਤੀ, ਧੰਨਵਾਦ ਅਤੇ ਮੁਆਫ਼ੀ।'

ਕਮਾਲ ਦਾ ਸੰਤੁਲਨ : ਇੱਕ ਸ਼ਖ਼ਸ ਦੇ ਸਿਰ 'ਤੇ ਖੜ੍ਹਾ ਹੋਇਆ ਦੂਜਾ, ਫ਼ਿਰ ਬਣਾਇਆ ਵਰਲਡ

ਹਨੋਈ - ਵੀਅਤਨਾਮ ਵਿੱਚ 2 ਭਰਾਵਾਂ ਨੇ ਅਜਿਹਾ ਕਾਰਨਾਮਾ ਕੀਤਾ ਹੈ, ਜਿਸ ਨਾਲ ਉਨ੍ਹਾਂ ਦਾ ਨਾਮ ਗਿੰਨੀਜ਼ ਵਰਲਡ ਰਿਕਾਰਡ ਵਿੱਚ ਦਰਜ ਹੋ ਗਿਆ ਹੈ। ਅਸਲ ਵਿੱਚ ਦੋਵਾਂ ਭਰਾਵਾਂ ਨੇ ਕਮਾਲ ਦਾ ਸੰਤੁਲਨ ਦਿਖਾਉਂਦੇ ਹੋਏ ਵਿਸ਼ਵ ਰਿਕਾਰਡ ਕਾਇਮ ਕੀਤਾ। ਉਨ੍ਹਾਂ ਦੇ ਕਾਰਨਾਮੇ ਨੂੰ ਦੇਖ ਕੇ ਲੋਕ ਹੈਰਾਨ ਹੋ ਰਹੇ ਹਨ। ਅਸਲ ਵਿੱਚ ਇੱਕ ਭਰਾ ਨੇ ਦੂਜੇ ਭਰਾ ਨੂੰ ਸਿਰ 'ਤੇ ਚੁੱਕ ਕੇ 53 ਸਕਿੰਟ ਤਕ ਸੰਤੁਲਨ ਬਣਾ ਕੇ 100 ਪੌੜੀਆਂ ਚੜੀਆਂ। ਇਸ ਮਗਰੋਂ ਉਨ੍ਹਾਂ ਦਾ ਨਾਮ ਗਿੰਨੀਜ਼ ਵਰਲਡ ਰਿਕਾਰਡ ਵਿੱਚ ਦਰਜ ਹੋ ਗਿਆ।

ਜ਼ਿਕਰਯੋਗ ਹੈ ਕਿ 37 ਸਾਲ ਦੇ ਜਿਯਾਂਗ ਕਵੋਕ ਕੋ ਅਤੇ 32 ਸਾਲ ਦੇ ਜਿਯਾਂਗ ਕਵੋਕ ਨਘੀਪ ਦੋਵੇਂ ਭਰਾ ਹਨ। 23 ਦਸੰਬਰ ਨੂੰ ਉਨ੍ਹਾਂ ਨੇ ਸਪੇਨ ਦੇ ਗਿਰੋਨਾ ਵਿੱਚ ਸੈਂਟ ਮੈਰੀ ਚਰਚ ਦੇ ਬਾਹਰ ਐਕ੍ਰੋਬੈਟਿਕ ਸਟੰਟ ਦਾ ਪ੍ਰਦਰਸ਼ਨ ਕੀਤਾ ਸੀ। ਇਸ ਸਬੰਧੀ ਇੱਕ ਵੀਡੀਓ ਵੀ ਵਾਇਰਲ ਹੋ ਰਿਹਾ ਹੈ। ਵਾਇਰਲ ਹੋਈ ਵੀਡੀਓ ਵਿੱਚ ਤੁਸੀਂ ਦੇਖ ਸਕਦੇ ਹੋ ਕਿ ਕਿਵੇਂ ਇੱਕ ਭਰਾ ਨੇ ਦੂਜੇ ਭਰਾ ਨੂੰ ਆਪਣੇ ਸਿਰ 'ਤੇ ਖੜ੍ਹਾ ਕੀਤਾ ਹੋਇਆ ਹੈ। ਇਸੇ ਹਾਲਾਤ ਵਿੱਚ ਉਹ ਪੌੜੀਆਂ ਚੜ ਰਿਹਾ ਹੈ। ਦਿਲਚਸਪ ਗੱਲ ਇਹ ਹੈ ਕਿ ਸਿਰ ਦੇ ਉੱਪਰ ਦੂਜਾ ਭਰਾ ਉਲਟਾ ਖੜ੍ਹਾ ਹੈ। ਦਰਜਨਾਂ ਕੈਮਰਿਆਂ ਸਾਹਮਣੇ ਇੱਕ ਭਰਾ ਨੇ 53 ਸਕਿੰਟ ਤੱ ਸੰਤੁਲਨ ਬਣਾ ਕੇ 100 ਪੌੜੀਆਂ ਚੜ੍ਹੀਆਂ, ਜਿਸ ਨੂੰ ਦੇਖ ਕੇ ਹਰ ਕੋਈ ਹੈਰਾਨ ਰਹਿ ਗਿਆ।

ਇਸ ਤੋਂ ਪਹਿਲਾਂ ਜਿਯਾਂਗ ਭਰਾਵਾਂ ਨੇ ਦਸੰਬਰ 2016 ਵਿੱਚ 52 ਸਕਿੰਟ ਵਿੱਚ 90 ਪੌੜੀਆਂ ਚੜੀਆਂ ਸਨ। ਇਸ ਵਾਰ ਉਹ 53 ਸਕਿੰਟ ਵਿੱਚ 100 ਪੌੜੀਆਂ ਚੜੇ। ਸਪੁਤਨਿਕ ਵੀਅਤਨਾਮ ਵਲੋਂ ਸਾਂਝੇ ਕੀਤੇ ਗਏ ਵੀਡੀਓ ਵਿੱਚ ਜਿਯਾਂਗ ਨੇ ਕਿਹਾ ਕਿ ਅੱਜ ਅਸੀਂ ਬਹੁਤ ਚੰਗਾ ਮਹਿਸੂਸ ਕਰ ਰਹੇ ਹਾਂ ਕਿਉਂਕਿ ਅਸੀਂ 53 ਸਕਿੰਟ ਦੇ ਅੰਦਰ 100 ਪੌੜੀਆਂ ਚੜੇ। ਮੈਂ ਕਦੇ ਇਸ ਬਾਰੇ ਕਲਪਨਾ ਵੀ ਨਹੀਂ ਕੀਤੀ ਸੀ। ਮੈਨੂੰ ਆਸ ਹੈ ਕਿ ਹਰ ਕੋਈ ਇਸ ਦਿਨ ਨੂੰ ਯਾਦ ਰੱਖੇਗਾ। ਜਿਯਾਂਗ ਨੇ ਅੱਗੇ ਕਿਹਾ ਕਿ ਮੌਸਮ ਬਹੁਤ ਠੰਡਾ ਰਹਿੰਦਾ ਹੈ ਅਤੇ ਅਸੀਂ ਸਵੇਰ ਤੋਂ ਰਾਤ ਤੱਕ ਅਭਿਆਸ ਕਰਦੇ ਹਾਂ। ਸਾਡੀ ਮਿਹਨਤ ਦਾ ਨਤੀਜਾ ਹੈ ਕਿ ਅਸੀਂ ਇਸ ਟੀਚੇ ਨੂੰ ਹਾਸਲ ਕਰ ਸਕੇ।

ਆਸਟ੍ਰੇਲੀਆਈ ਸ਼ਖ਼ਸ ਨੂੰ ਇਜ਼ਰਾਇਲੀ ਮਹਿਲਾ ਤੋਂ ਤਲਾਕ ਲੈਣਾ ਪਿਆ ਭਾਰੀ, ਸਾਲ 9999

ਤੇਲ ਅਵੀਵ/ਸਿਡਨੀ- ਆਸਟ੍ਰੇਲੀਆ ਦੇ ਇੱਕ ਸ਼ਖ਼ਸ ਲਈ ਤਲਾਕ ਲੈਣਾ ਵੱਡੀ ਮੁਸੀਬਤ ਬਣ ਗਿਆ ਹੈ। ਇਜ਼ਰਾਈਲ ਦੇ ਇੱਕ ਅਨੋਖੇ ਤਲਾਕ ਕਾਨੂੰਨ ਕਾਰਨ ਇਸ ਆਸਟ੍ਰੇਲੀਆਈ ਸ਼ਖ਼ਸ ਦੇ ਹੁਣ ਸਾਲ 9999 ਤਕ ਦੇਸ਼ ਛੱਡਣ 'ਤੇ ਪਾਬੰਦੀ ਲਗਾ ਦਿੱਤੀ ਗਈ ਹੈ। ਇਸ ਸ਼ਖ਼ਸ ਦਾ ਨਾਮ ਨੋਮ ਹੁਪਰਟ - 44)- ਹੈ। ਇੱਕ ਸਥਾਨਕ ਅਦਾਲਤ ਨੇ 2013 ਵਿੱਚ ਨੋਮ ਹੁਪਰਟ ਨੂੰ 'ਸਟੇ-ਔਫ਼-ਐਗਜਿਟ' ਜਾਰੀ ਕੀਤਾ ਸੀ, ਜਿਸ ਵਿੱਚ ਉਸ ਨੂੰ 31 ਦਸੰਬਰ, 9999 ਤਕ ਦੇਸ਼ ਛੱਡਣ ਤੋਂ ਰੋਕ ਦਿੱਤਾ ਗਿਆ ਸੀ ਜਾਂ ਜਦੋਂ ਤਕ ਉਹ ਭਵਿੱਖ ਵਿੱਚ ਬਾਲ ਸਹਾਇਤਾ ਭੁਗਤਾਨਾਂ ਵਿੱਚ 3 ਮਿਲੀਅਨ ਡਾਲਰ (18 ਕਰੋੜ 19 ਲੱਖ ਰੁਪਏ) ਤੋਂ ਵੱਧ ਦਾ ਭੁਗਤਾਨ ਨਹੀਂ ਕਰਦਾ।

ਨੋਮ ਹੁਪਰਟ ਸਾਲ 2012 ਵਿੱਚ ਇਜ਼ਰਾਈਲ ਆਇਆ ਸੀ ਤਾਂ ਜੋ ਉਹ ਆਪਣੇ ਬੱਚੇ ਦੇ ਕਰੀਬ ਰਹਿ ਸਕੇ। ਇਸ ਤੋਂ ਇੱਕ ਸਾਲ ਪਹਿਲਾਂ ਹੀ ਉਸ ਦੀ ਸਾਬਕਾ ਪਤਨੀ ਇਜ਼ਰਾਈਲ ਆ ਕੇ ਰਹਿਣ ਲੱਗ ਪਈ ਸੀ। ਨੋਮ ਦੇ ਉੱਥੇ ਪਹੁੰਚਣ ਤੋਂ ਬਾਅਦ ਸਾਬਕਾ ਪਤਨੀ ਨੇ ਇਜ਼ਰਾਈਲ ਦੀ ਇੱਕ ਅਦਾਲਤ ਵਿੱਚ ਤਲਾਕ ਦਾ ਮੁਕੱਦਮਾ ਦਾਇਰ ਕੀਤਾ ਸੀ। ਸਾਲ 2013 ਵਿੱਚ ਇਜ਼ਰਾਈਲ ਦੀ ਅਦਾਲਤ ਨੇ ਨੋਮ ਦੇ ਦੇਸ਼ ਛੱਡਣ 'ਤੇ ਪਾਬੰਦੀ ਲਗਾ ਦਿੱਤੀ। ਅਦਾਲਤ ਨੇ ਤਰਕ ਦਿੱਤਾ ਸੀ ਕਿ ਨੋਮ ਨੂੰ ਹਰ ਮਹੀਨੇ 5 ਹਜਾਰ ਇਜ਼ਰਾਇਲੀ ਮੁਦਰਾ "future debt' ਦੇ ਰੂਪ ਵਿੱਚ ਚੁਕਾਉਣੀ ਹੋਵੇਗੀ।

ਨੋਮ ਦੇ ਬੱਚੇ ਜਦੋਂ ਤਕ 18 ਸਾਲ ਦੇ ਨਹੀਂ ਹੋ ਜਾਂਦੇ, ਉਦੋਂ ਤੱਕ ਉਸ ਨੂੰ ਇਹ ਰਾਸ਼ੀ ਹਰ ਮਹੀਨੇ ਦੇਣੀ ਹੋਵੇਗੀ। ਇਸ ਦਾ ਮਤਲਬ ਇਹ ਹੋਇਆ ਕਿ ਉਹ ਕਿਸੇ ਵੀ ਕਾਰਨ ਤੋਂ ਇਜ਼ਰਾਈਲ ਨਹੀਂ ਛੱਡ ਸਕਦਾ। ਫ਼ਿਰ ਭਾਵੇਂ ਉਹ ਛੁੱਟੀ ਹੋਵੇ ਜਾਂ ਕੰਮ। ਨਿਊਜ਼ ਡੌਟ ਕਾਮ ਨਾਲ ਗੱਲਬਾਤ ਵਿੱਚ ਨੋਮ ਨੇ ਕਿਹਾ ਕਿ ਸਾਲ 2013 ਤੋਂ ਮੈਂ ਇਜਰਾਈਲ ਵਿੱਚ ਫ਼ਸਿਆ ਹੋਇਆ ਹਾਂ। ਉਨ੍ਹਾਂ ਨੇ ਦਾਅਵਾ ਕੀਤਾ ਕਿ ਉਹ ਉਨ੍ਹਾਂ ਕਈ ਵਿਦੇਸ਼ੀ ਨਾਗਰਿਕਾਂ ਵਿੱਚ ਸ਼ਾਮਲ ਹਨ, ਜੋ ਇਜ਼ਰਾਇਲੀ ਨਿਆਂ ਵਿਵਸਥਾ ਦੇ ਸ਼ਿਕਾਰ ਹੋਏ ਹਨ।

ਨੋਮ ਨੇ ਕਿਹਾ ਕਿ ਅਜਿਹਾ ਸਿਰਫ਼ ਇਸ ਲਈ ਹੋਇਆ ਕਿਉਂਕਿ ਉਸ ਨੇ ਇਜ਼ਰਾਇਲੀ ਕੁੜੀ ਨਾਲ ਵਿਆਹ ਕੀਤਾ। ਆਸਟ੍ਰੇਲੀਆਈ ਨਾਗਰਿਕ ਨੋਮ ਇੱਕ ਦਵਾਈ ਕੰਪਨੀ ਵਿੱਚ ਕੈਮਿਸਟ ਹਨ। ਨੋਮ ਨੇ ਦੱਸਿਆ ਕਿ ਉਹ ਆਪਣੀ ਕਹਾਣੀ ਨੂੰ ਇਸ ਲਈ ਸ਼ੇਅਰ ਕਰ ਰਹੇ ਹਨ ਤਾਂ ਜੋ ਆਸਟ੍ਰੇਲੀਆ ਦੇ ਉਨ੍ਹਾਂ ਲੋਕਾਂ ਦੀ ਮਦਦ ਕੀਤੀ ਜਾ ਸਕੇ ਜੋ ਇਸ ਜਾਨਲੇਵਾ ਤਜਰਬੇ ਵਿੱਚੋਂ ਲੰਘ ਰਹੇ ਹਨ। ਇਜ਼ਰਾਈਲ ਵਿੱਚ ਤਲਾਕ ਕਾਨੂੰਨ ਦਾ ਮਤਲਬ ਇਹ ਹੈ ਕਿ ਮਹਿਲਾ ਚਾਹੇ ਤਾਂ ਆਪਣੇ ਬੱਚੇ ਦੇ ਪਿਤਾ ਦੀ ਯਾਤਰਾ 'ਤੇ ਪਾਬੰਦੀ ਲਗਵਾ ਸਕਦੀ ਹੈ ਤਾਂ ਜੋ ਭਵਿੱਖ ਵਿੱਚ ਬੱਚੇ ਨੂੰ ਪਾਲਣ ਲਈ ਜ਼ਰੂਰੀ ਰਾਸ਼ੀ ਉਸ ਨੂੰ ਮਿਲਦੀ ਰਹੇ। ਬੱਚੇ ਦੇ ਪਿਤਾ ਨੂੰ 21 ਦਿਨ ਜੇਲ ਵਿੱਚ ਰਹਿਣਾ ਪੈ ਸਕਦਾ ਹੈ। ਇੰਨਾ ਹੀ ਨਹੀਂ ਉਸ ਨੂੰ ਆਪਣੀ ਆਮਦਨ ਦਾ 100 ਫ਼ੀਸਦੀ ਪੈਸਾ ਬੱਚੇ ਦੇ ਪਾਲਣ -ਪੋਸ਼ਣ ਲਈ ਦੇਣਾ ਪੈ ਸਕਦਾ ਹੈ।

ਪਾਕਿਸਤਾਨ ਪਹੁੰਚਿਆ ਧਰਮ ਸੰਸਦ 'ਚ ਨਫ਼ਰਤ ਭਰੇ ਭਾਸ਼ਣ ਦਾ ਮਾਮਲਾ, ਭਾਰਤੀ ਡਿਪਲੋਮੈਟ ਨੂੰ ਕੀਤਾ ਤਲਬ

ਇਸਲਾਮਾਬਾਦ- ਪਾਕਿਸਤਾਨ ਨੇ ਸੋਮਵਾਰ ਨੂੰ ਭਾਰਤ ਦੇ ਵਿਦੇਸ਼ ਮੰਤਰਾਲਾ ਦੇ ਇੰਚਾਰਜ ਹਾਈ ਕਮਿਸ਼ਨਰ ਨੂੰ ਤਲਬ ਕੀਤਾ ਅਤੇ ਹਰਿਦੁਆਰ ਵਿੱਚ ਹਾਲ ਹੀ ਵਿੱਚ ਹੋਏ ਇੱਕ ਸੰਮੇਲਨ ਵਿੱਚ ਘੱਟ-ਗਿਣਤੀਆਂ ਵਿਰੁੱਧ ਹਿੰਸਾ ਭੜਕਾਉਣ ਦੇ ਇਰਾਦੇ ਨਾਲ ਦਿੱਤੇ ਕਥਿਤ ਨਫ਼ਰਤ ਭਰੇ ਭਾਸ਼ਣਾਂ 'ਤੇ ਚਿੰਤਾ ਜ਼ਾਹਿਰ ਕੀਤੀ। ਹਰਿਦੁਆਰ ਦੇ ਵੇਦ ਨਿਕੇਤਨ ਧਾਮ ਵਿਖੇ 16 ਤੋਂ 19 ਦਸੰਬਰ ਦਰਮਿਆਨ ਆਯੋਜਿਤ ਧਰਮ ਸੰਸਦ ਵਿੱਚ ਬੁਲਾਰਿਆਂ ਨੇ ਮੁਸਲਮਾਨਾਂ ਖ਼ਿਲਾਫ਼ ਕਥਿਤ ਤੌਰ 'ਤੇ ਨਫ਼ਰਤ ਫ਼ੈਲਾਉਣ ਵਾਲੇ ਭਾਸ਼ਣ ਦਿੱਤੇ ਸਨ। ਇਸ ਸਮਾਗਮ ਦਾ ਆਯੋਜਨ ਗਾਜੀਆਬਾਦ ਵਿੱਚ ਡਾਸਨਾ ਮੰਦਰ ਦੇ ਪੁਜਾਰੀ ਯਤੀ ਨਰਸਿਮਹਾਨੰਦ ਨੇ ਕੀਤਾ ਸੀ। ਨਰਸਿਮਹਾਨੰਦ ਪਹਿਲਾਂ ਹੀ ਮੁਸਲਮਾਨਾਂ ਵਿਰੁੱਧ ਨਫ਼ਰਤ ਭਰੇ ਭਾਸ਼ਣਾਂ ਅਤੇ ਹਿੰਸਾ ਨੂੰ ਉਤਸ਼ਾਹਿਤ ਕਰਨ ਲਈ ਪੁਲੀਸ ਦੀ ਨਿਗਰਾਨੀ ਹੇਠ ਹੈ।

ਇਸ ਸਮਾਗਮ ਵਿੱਚ ਕਈ ਬੁਲਾਰਿਆਂ ਨੇ ਕਥਿਤ ਤੌਰ 'ਤੇ ਭੜਕਾਊ ਅਤੇ ਨਫ਼ਰਤ ਭਰੇ ਭਾਸ਼ਣ ਦਿੱਤੇ, ਜਿਸ ਵਿੱਚ ਘੱਟ-ਗਿਣਤੀ ਭਾਈਚਾਰੇ ਦੇ ਲੋਕਾਂ ਦਾ ਕਤਲ ਕਰਨ ਦੀ ਮੰਗ ਕੀਤੀ ਗਈ ਸੀ। ਪਾਕਿਸਤਾਨ ਨੇ ਭਾਰਤੀ ਪੱਖ ਨੂੰ ਦੱਸਿਆ ਕਿ ਨਾਗਰਿਕ ਸਮਾਜ ਅਤੇ ਦੇਸ ਦੇ ਲੋਕਾਂ ਦੇ ਇੱਕ ਵਰਗ ਨੇ ਕਥਿਤ ਨਫ਼ਰਤੀ ਭਾਸ਼ਣਾਂ ਨੂੰ ਗੰਭੀਰ ਚਿੰਤਾ ਨਾਲ ਦੇਖਿਆ ਹੈ। ਪਾਕਿਸਤਾਨ ਦੇ ਵਿਦੇਸ ਦਫ਼ਤਰ ਦੇ ਇੱਕ ਬਿਆਨ ਮੁਤਾਬਕ ਭਾਰਤ ਲਈ ਇਹ ਬੇਹੱਦ ਨਿੰਦਣਯੋਗ ਗੱਲ ਹੈ ਕਿ ਨਾ ਤਾਂ ਪ੍ਰਬੰਧਕਾਂ ਨੇ ਕੋਈ ਅਫ਼ਸੋਸ ਪ੍ਰਗਟਾਇਆ ਹੈ ਅਤੇ ਨਾ ਹੀ ਭਾਰਤ ਸਰਕਾਰ ਨੇ ਉਨ ਾਂ ਦੀ ਨਿੰਦਾ ਕੀਤੀ ਹੈ। ਉਨ ਾਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ ਹੈ। ਵਿਦੇਸ ਦਫ਼ਤਰ ਨੇ ਕਿਹਾ ਕਿ ਮੁਸਲਮਾਨਾਂ ਵਿਰੁੱਧ ਹਿੰਸਾ ਦੀਆਂ ਲਗਾਤਾਰ ਘਟਨਾਵਾਂ ਨੇ 'ਇਸਲਾਮ ਬਾਰੇ ਡਰ ਦੇ ਵਿਗੜਦੇ ਰੁਝਾਨ' ਦਾ ਪਰਦਾਫ਼ਾਸ਼ ਕੀਤਾ ਹੈ ਅਤੇ ਭਾਰਤ ਵਿੱਚ ਮੁਸਲਮਾਨਾਂ ਦੀ ਕਿਸਮਤ ਬਾਰੇ ਇੱਕ ਗੰਭੀਰ ਤਸਵੀਰ ਪੇਸ਼ ਕੀਤੀ ਹੈ। ਵਿਦੇਸ਼ ਦਫ਼ਤਰ ਨੇ ਕਿਹਾ ਕਿ ਭਾਰਤ ਤੋਂ ਇਨ ਾਂ ਨਫ਼ਰਤ ਭਰੇ ਭਾਸ਼ਣਾਂ ਅਤੇ ਘੱਟ- ਗਿਣਤੀਆਂ ਵਿਰੁੱਧ ਵਿਆਪਕ ਹਿੰਸਾ ਦੀਆਂ ਘਟਨਾਵਾਂ ਦੀ ਜਾਂਚ ਕਰਨ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਉਪਾਅ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

ਸਿਗਰਟਨੋਸ਼ੀ ਦਾ ਸ਼ਿਕਾਰ ਰਿਹਾ 2 ਸਾਲ ਦਾ ਬੱਚਾ ਹੁਣ ਆਇਆ ਸੁਰਖੀਆਂ 'ਚ

ਜਕਾਰਤਾ - ਇੰਡੋਨੇਸ਼ੀਆ ਦਾ ਸਿਰਫ਼ 2 ਸਾਲਾਂ ਦਾ ਇੱਕ ਬੱਚਾ ਚੇਨ ਸਮੋਕਰ ਬਣ ਗਿਆ ਸੀ ਅਤੇ ਇੱਕ ਦਿਨ ਵਿੱਚ 40 ਸਿਗਰਟਾਂ ਪੀਂਦਾ ਸੀ। ਇਸ ਬੱਚੇ ਦਾ ਨਾਂ ਅਰਦੀ ਰਿਜਾਲ ਹੈ ਅਤੇ ਉਹ ਸੁਮਾਤਰਾ ਦਾ ਰਹਿਣ ਵਾਲਾ ਹੈ। ਜਦੋਂ ਇਸ ਬੱਚੇ ਨੇ 7 ਸਾਲ ਪਹਿਲਾਂ ਸਿਗਰਟ ਪੀਣੀ ਛੱਡ ਦਿੱਤੀ ਸੀ ਤਾਂ ਉਸ ਦਾ ਸਾਰਾ ਸਰੀਰ ਹੀ ਬਦਲ ਗਿਆ। ਸਿਗਰਟ ਪੀਣ ਦੀ ਭੈੜੀ ਆਦਤ ਛੱਡਣ ਤੋਂ ਬਾਅਦ ਹੁਣ ਇਹ ਬੱਚਾ ਇੰਨਾ ਬਦਲ ਗਿਆ ਹੈ ਕਿ ਇਸ ਨੂੰ ਪਛਾਨਣਾ ਮੁਸ਼ਕਿਲ ਹੋ ਰਿਹਾ ਹੈ। ਇਸ ਬੱਚੇ ਦੀ ਪੂਰੀ ਦੁਨੀਆਂ 'ਚ ਚਰਚਾ ਹੋ ਰਹੀ ਹੈ।

ਚੇਨ ਸਮੋਕਿੰਗ ਕਾਰਨ ਅਰਦੀ ਦੀ ਹਾਲਤ ਅਜਿਹੀ ਹੋ ਗਈ ਸੀ ਕਿ ਉਹ ਸਿਗਰਟ ਨਾ ਮਿਲਣ 'ਤੇ ਆਪਣਾ ਸਿਰ ਕੰਧ ਨਾਲ ਟਕਰਾਉਂਦਾ ਸੀ। ਸਾਲ 2010 ਵਿੱਚ ਸਿਗਰੇਟ ਪੀਂਦੇ ਹੋਏ ਧੂੰਏਂ ਵਿੱਚ ਸਾਹ ਲੈਂਦੇ ਹੋਏ ਉਸ ਦੀ ਤਸਵੀਰ ਦੁਨੀਆਂ ਭਰ ਵਿੱਚ ਚਰਚਾ ਦਾ ਵਿਸਾ ਬਣ ਗਈ ਸੀ। ਸਿਗਰੇਟ ਛੱਡਣ ਦੀ ਔਖੀ ਪ੍ਰਕਿਰਿਆ ਦੇ ਬਾਵਜੂਦ ਅਰਦੀ ਨੇ ਸਫ਼ਲਤਾਪੂਰਵਕ ਇਸ ਨੂੰ ਪੂਰਾ ਕੀਤਾ ਅਤੇ ਹੁਣ ਉਹ ਫ਼ਲ ਅਤੇ ਸਬਜ਼ੀਆਂ ਖਾਂਦਾ ਹੈ। ਇਸ ਨਾਲ ਉਸ ਦੇ ਸਰੀਰ ਵਿੱਚ ਵੱਡੀ ਤਬਦੀਲੀ ਆਈ ਹੈ।

ਅਰਦੀ ਨੇ ਸਾਲ 2017 ਵਿੱਚ ਸੀ.ਐੱਨ.ਐੱਨ. ਨੂੰ ਦੱਸਿਆ ਸੀ ਕਿ ਸਿਗਰਟ ਛੱਡਣਾ ਮੇਰੇ ਲਈ ਬਹੁਤ ਮੁਸ਼ਕਿਲ ਸੀ। ਜੇਕਰ ਮੈਂ ਸਿਗਰਟ ਨਾ ਪੀਂਦਾ ਤਾਂ ਮੇਰੇ ਮੂੰਹ ਦਾ ਸਵਾਦ ਖਰਾਬ ਹੋ ਜਾਂਦਾ ਸੀ ਅਤੇ ਮੇਰਾ ਸਿਰ ਚੱਕਰਾਉਣ ਲੱਗ ਪੈਂਦਾ ਸੀ। ਸਿਗਰਟ ਛੱਡਣ ਤੋਂ ਬਾਅਦ ਹੁਣ ਉਸ ਨੇ ਕਿਹਾ ਕਿ ਹੁਣ ਉਹ ਬਹੁਤ ਖੁਸ਼ ਹੈ। ਉਹ ਹੋਰ ਉਤਸ਼ਾਹਿਤ ਹੋ ਗਿਆ ਹੈ। ਉਸ ਦਾ ਸਰੀਰ ਹੁਣ ਤਾਜ਼ਗੀ ਮਹਿਸੂਸ ਕਰ ਰਿਹਾ ਹੈ। ਦੁੱਖਦਾਈ ਗੱਲ ਇਹ ਸੀ ਕਿ ਅਰਦੀ ਦੇ ਆਪਣੇ ਪਿਤਾ ਨੇ ਉਸ ਨੂੰ ਪਹਿਲੀ ਵਾਰ ਉਦੋਂ ਸਿਗਰਟ ਪਿਲਾਈ ਸੀ ਜਦੋਂ ਉਹ ਸਿਰਫ਼ 18 ਮਹੀਨੇ ਦਾ ਸੀ।

ਇਸ ਤੋਂ ਬਾਅਦ ਜਦੋਂ ਅਰਦੀ ਨੇ ਸਿਗਰਟ ਨਾ ਮਿਲਣ ਕਾਰਨ ਕੰਧ ਵਿੱਚ ਸਿਰ ਮਾਰਨਾ ਸ਼ੁਰੂ ਕਰ ਦਿੱਤਾ ਤਾਂ ਉਸ ਦੀ ਮਾਂ ਡਾਇਨੇ ਨੇ ਸਰਕਾਰ ਦੇ ਆਈ.ਸੀ.ਯੂ. ਮਾਹਿਰ ਤੋਂ ਮਦਦ ਮੰਗੀ। ਡਾਇਨੇ ਨੇ ਕਿਹਾ ਕਿ ਜਦੋਂ ਅਰਦੀ ਨੇ ਪਹਿਲੀ ਵਾਰ ਸਿਗਰਟ ਛੱਡੀ ਤਾਂ ਉਸਨੇ ਆਪਣਾ ਸਿਰ ਕੰਧ 'ਤੇ ਮਾਰਨਾ ਸੁਰੂ ਕਰ ਦਿੱਤਾ। ਸਿਗਰਟ ਨਾ ਮਿਲਣ ਕਾਰਨ ਉਹ ਪਾਗਲ ਜਿਹਾ ਹੋ ਗਿਆ ਸੀ ਅਤੇ ਖੁਦ ਨੂੰ ਹੀ ਮਾਰ ਰਿਹਾ ਸੀ। ਉਸ ਤੋਂ ਬਾਅਦ ਮੈਨੂੰ ਉਸ ਨੂੰ ਸਿਗਰਟ ਦੇਣੀ ਪੈਂਦੀ ਸੀ। ਹਾਲਾਂਕਿ ਹੁਣ ਅਜਿਹਾ ਨਹੀਂ ਹੈ, ਮੈਂ ਹੁਣ ਉਸ ਨੂੰ ਸਿਗਰਟ ਨਹੀਂ ਦਿੰਦੀ ਪਰ ਉਹ ਬਹੁਤ ਜ਼ਿਆਦਾ ਖਾਂਦਾ ਹੈ।

ਕੈਨੇਡਾ 'ਚ -50 ਡਿਗਰੀ ਤਕ ਪਹੁੰਚਿਆ ਪਾਰਾ, ਜਾਨਲੇਵਾ ਠੰਡ ਨਾਲ ਜਨਜੀਵਨ ਪ੍ਰਭਾਵਿਤ

ਔਟਵਾ -ਇਸ ਸਾਲ ਜਲਵਾਯੂ ਤਬਦੀਲੀ ਨੇ ਕੈਨੇਡਾ ਦੇ ਲੋਕਾਂ ਦਾ ਜਨਜੀਵਨ ਬਹੁਤ ਜ਼ਿਆਦਾ ਪ੍ਰਭਾਵਿਤ ਕੀਤਾ ਹੈ। ਇਸ ਸਾਲ ਗਰਮੀ ਦੇ ਮੌਸਮ ਵਿੱਚ ਜਿੱਥੇ ਕੈਨੇਡਾ ਵਿੱਚ ਇੰਨੀ ਜ਼ਿਆਦਾ ਗਰਮੀ ਪਈ ਕਿ ਪਾਰਾ 108 ਡਿਗਰੀ ਫ਼ਾਰਨੇਹਾਈਟ ਨੂੰ ਪਾਰ ਕਰ ਗਿਆ ਸੀ ਅਤੇ ਸਮੁੰਦਰ ਦਾ ਪਾਣੀ ਤੇਜ਼ ਗਰਮ ਹੋਣ ਕਾਰਨ ਕਰੋੜਾਂ ਸਮੁੰਦਰੀ ਜੀਵ ਮਾਰੇ ਗਏ ਸਨ। ਉੱਥੇ ਹੁਣ ਕੈਨੇਡਾ ਵਿੱਚ ਸਰਦੀ ਦਾ ਮੌਸਮ ਵੀ ਜਾਨਲੇਵਾ ਬਣ ਚੁੱਕਾ ਹੈ। ਕੈਨੇਡਾ ਵਿੱਚ ਇਨੀਂ ਦਿਨੀਂ ਪਾਰਾ ਜ਼ੀਰੋ ਤੋਂ 50 ਡਿਗਰੀ ਹੇਠਾਂ ਜਾ ਚੁੱਕਾ ਹੈ, ਜਿਸ ਨਾਲ ਲੋਕਾਂ ਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਹੋ ਗਿਆ ਹੈ।

ਇਸ ਸਮੇਂ ਕੈਨੇਡਾ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਪਾਰਾ ਜ਼ੀਰੋ ਤੋਂ 50 ਡਿਗਰੀ ਸੈਲਸੀਅਸ ਹੇਠਾਂ ਪਹੁੰਚ ਚੁੱਕਾ ਹੈ। ਇਸ ਨਾਲ ਕੈਨੇਡਾ ਦੇ ਅਲਬਰਟਾ ਸੂਬੇ ਦੀ ਰਾਜਧਾਨੀ ਐਡਮਿੰਟਨ ਵਿੱਚ ਸਕੀ ਹਿੱਲਜ਼ ਅਤੇ ਉਸ ਦੇ ਆਲੇ-ਦੁਆਲੇ ਦੇ ਖੇਤਰਾਂ ਵਿੱਚ ਜਾਨਲੇਵਾ ਠੰਡ ਪੈ ਰਹੀ ਹੈ। ਕੈਨੇਡਾ ਦੀਆਂ ਮੀਡੀਆ ਰਿਪੋਰਟਾਂ ਮੁਤਾਬਕ ਸਨਰਿਜ, ਐਡਮਿੰਟਨ ਸਕੀ ਕਲੱਬ, ਸਨੋ ਵੈਲੀ ਅਤੇ ਰੈਬਿਟ ਹਿਲ ਨੂੰ ਜ਼ਿਆਦਾ ਠੰਡ ਪੈਣ ਕਾਰਨ ਬੰਦ ਕਰ ਦਿੱਤਾ ਗਿਆ ਹੈ। ਉੱਥੇ ਕੈਨੇਡਾ ਦੇ ਮੌਸਮ ਵਿਭਾਗ ਨੇ ਜ਼ਿਆਦਾ ਠੰਡ ਦੀ ਚਿਤਾਵਨੀ ਜਾਰੀ ਕੀਤੀ ਹੈ ਅਤੇ ਆਉਣ ਵਾਲੇ ਦਿਨਾਂ ਵਿੱਚ ਤਾਪਮਾਨ ਜ਼ੀਰੋ ਤੋਂ -40 ਤੋਂ -50 ਡਿਗਰੀ ਸੈਲਸੀਅਸ ਹੇਠਾਂ ਰਹਿਣ ਦਾ ਅਨੁਮਾਨ ਹੈ।

ਕੈਨੇਡ ਵਿੱਚ ਇਸ ਸਮੇਂ ਪਾਰਾ ਸਾਧਾਰਨ ਤੋਂ 40 ਡਿਗਰੀ ਹੇਠਾਂ ਜਾ ਚੁੱਕਾ ਹੈ ਅਤੇ ਇਸ ਗੱਲ ਦਾ ਖ਼ਦਸ਼ਾ ਹੈ ਕਿ ਅਗਲੇ ਹਫ਼ਤੇ ਪ੍ਰਸ਼ਾਂਤ ਨੌਰਥਵੈਸਟ ਵਿੱਚ ਹੋਰ ਜ਼ਿਆਦਾ ਠੰਡ ਪਵੇਗੀ ਅਤੇ ਤਾਪਮਾਨ ਹੋਰ ਡਿੱਗ ਜਾਵੇਗਾ, ਜਿਸ ਨਾਲ ਪੋਰਟਲੈਂਡ ਅਤੇ ਸਿਆਟਲ ਵਿੱਚ ਭਾਰੀ ਬਰਫ਼ਬਾਰੀ ਅਤੇ ਜ਼ਿਆਦਾ ਠੰਡ ਪੈਣ ਦੀ ਸੰਭਾਵਨਾ ਰਹੇਗੀ। ਕੈਨੇਡਾ ਮੌਸਮ ਵਿਭਾਗ ਮੁਤਾਬਕ ਕੈਨੇਡਾ ਦੀ ਬਜਾਏ ਅਮਰੀਕਾ ਵਿੱਚ ਪਾਰਾ ਸਾਧਾਰਨ ਹੈ ਅਤੇ ਅਮਰੀਕਾ ਵਿੱਚ ਇਸ ਸਮੇਂ ਬਸੰਤ ਜਿਹਾ ਮਹੀਨਾ ਹੈ ਪਰ ਕੈਨੇਡਾ ਵਿੱਚ ਸਥਿਤੀ ਕਾਫ਼ੀ ਵਿਪਰੀਤ ਹੈ।

ਦਹਿਸ਼ਤਗਰਦਾਂ ਨੂੰ ਕੱਪੜੇ ਤੇ ਨੇਵੀਗੇਸ਼ਨ ਐੱਪ ਮੁਹੱਈਆ ਕਰਵਾਉਂਦੀ ਹੈ ਆਈ.ਐੱਸ.ਆਈ.

ਨਵੀਂ ਦਿੱਲੀ-ਰੱਖਿਆ ਪ੍ਰਬੰਧ ਨਾਲ ਜੁੜੇ ਸੂਤਰਾਂ ਦੀ ਮੰਨੀਏ ਤਾਂ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਆਈ.ਐੱਸ.ਆਈ. ਮਕਬੂਜ਼ਾ ਕਸ਼ਮੀਰ ਵਿੱਚ ਜੰਮੂ- ਕਸ਼ਮੀਰ ਵਿੱਚ ਵੱਧ ਤੋਂ ਵੱਧ ਦਹਿਸ਼ਤਗਰਦਾਂ ਦੀ ਘੁਸਪੈਠ ਯਕੀਨੀ ਬਣਾਉਣ ਦੇ ਮੰਤਵ ਨਾਲ ਉਨ ਾਂ ਨੂੰ ਹੱਡ ਚੀਰਵੀਂ ਠੰਢ ਤੋਂ ਬਚਣ ਲਈ ਸਰਦੀ ਦੇ ਕੱਪੜਿਆਂ ਤੋਂ ਇਲਾਵਾ ਨੇਵੀਗੇਸ਼ਨ ਐੱਪ ਵੀ ਮੁਹੱਈਆ ਕਰਵਾਉਂਦੀ ਹੈ। ਸੂਤਰਾਂ ਦਾ ਇਹ ਵੀ ਕਹਿਣਾ ਹੈ ਇਨ ਾਂ ਦਹਿਸ਼ਤਗਰਦਾਂ ਨੂੰ ਜੀ.ਪੀ.ਐੱਸ. ਆਧਾਰਤ ਨੇਵੀਗੇਸ਼ਨਲ ਸਿਸਟਮ ਵਰਤਣ ਲਈ ਲੋੜੀਂਦੀ ਸਿਖਲਾਈ ਦਿੱਤੀ ਜਾਂਦੀ ਹੈ। ਜੰਗਲੀ ਇਲਾਕੇ ਵਿੱਚ ਠਹਿਰ ਦੌਰਾਨ ਸੁਰੱਖਿਆ ਬਲਾਂ ਦੀ ਅੱਖ ਤੋਂ ਬਚਣ ਤੇ ਹੋਰ ਜੁਗਤਾਂ ਲਈ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਜਾਂਦਾ ਹੈ। ਸੂਤਰਾਂ ਨੇ ਸੱਜਰੀ ਖ਼ੁਫ਼ੀਆ ਜਾਣਕਾਰੀ ਦੇ ਹਵਾਲੇ ਨਾਲ ਕਿਹਾ ਕਿ ਮਕਬੂਜ਼ਾ ਕਸ਼ਮੀਰ ਵਿੱਚ ਕੰਟਰੋਲ ਰੇਖਾ ਦੇ ਨਾਲ ਬਣੇ ਕੈਂਪਾਂ ਵਿੱਚ 250 ਦੇ ਕਰੀਬ ਦਹਿਸ਼ਤਗਰਦ ਮੌਜੂਦ ਹਨ ਤੇ 90 ਦੇ ਕਰੀਬ ਦਹਿਸ਼ਤੀ ਸਰਹੱਦ ਪਾਰੋਂ ਦੇਸ਼ ਵਿੱਚ ਘੁਸਪੈਠ ਦੀ ਤਾਕ ਵਿੱਚ ਹਨ। ਸੂਤਰਾਂ ਨੇ ਕੰਟਰੋਲ ਰੇਖਾ ਦੇ ਨਾਲ ਪੈਂਦੇ ਇਹ ਦਹਿਸ਼ਤੀ ਕੈਂਪ ਜੰਮੂ ਤੇ ਕਸ਼ਮੀਰ ਵਿੱਚ ਮਾਛਲ, ਤੰਗਦਾਰ ਤੇ ਕੇਰਨ ਸੈਕਟਰਾਂ ਤੋਂ ਕਾਫ਼ੀ ਨਜਦੀਕ ਹਨ। ਕੇਂਦਰ ਸ਼ਾਸ਼ਿਤ ਪ੍ਰਦੇਸ਼ ਦੇ ਸੁਰੱਖ਼ਿਆ ਤੰਤਰ ਵਿੱਚ ਸ਼ਾਮਲ ਅਧਿਕਾਰੀਆਂ ਨੇ ਕਿਹਾ ਕਿ ਆਈ.ਐੱਸ.ਆਈ. ਨੇ ਦਹਿਸ਼ਤਗਰਦਾਂ ਨੂੰ ਘੁਸਪੈਠ ਲਈ ਨਵੇਂ ਰੂਟ ਤਲਾਸ਼ਣ ਦੀ ਹਦਾਇਤ ਕੀਤੀ ਹੈ ਤੇ ਸੁਰੱਖ਼ਿਆ ਬਲਾਂ ਵੱਲੋਂ ਗ੍ਰਿਫ਼ਤਾਰ ਕੀਤੇ ਕੁਝ ਕਾਰਕੁੰਨਾਂ ਨੇ ਇਸ ਦੀ ਪੁਸ਼ਟੀ ਕੀਤੀ ਹੈ।

ਬਾਇਡੇਨ ਨੇ 768.2 ਅਰਬ ਡਾਲਰ ਦੇ ਰੱਖਿਆ ਖਰਚ ਬਿੱਲ 'ਤੇ ਕੀਤੇ ਦਸਤਖ਼ਤ



ਵਾਸ਼ਿੰਗਟਨ-ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਨੇ ਨੈਸ਼ਨਲ ਡਿਫ਼ੈਂਸ ਅਥਾਰਾਈਜੇਸ਼ਨ ਐਕਟ 'ਤੇ ਦਸਤਖ਼ਤ ਕਰ ਕੇ ਉਸ ਨੂੰ ਕਾਨੂੰਨੀ ਮਾਨਤਾ ਦਿੱਤੀ। ਇਸ ਕਾਨੂੰਨ ਤਹਿਤ ਰੱਖਿਆ ਵਸਤਾਂ 'ਤੇ ਖਰਚ ਲਈ 768.2 ਅਰਬ ਡਾਲਰ ਅਧਿਕਾਰਤ ਕੀਤੇ ਗਏ ਹਨ, ਜਿਸ ਵਿੱਚ 2022 ਲਈ ਰੱਖਿਆ ਸੇਵਾਵਾਂ ਦੇ ਮੈਂਬਰਾਂ ਦੀਆਂ ਤਨਖਾਹਾਂ ਵਿੱਚ 2.7 ਪ੍ਰਤੀਸਤ ਵਾਧਾ ਵੀ ਸ਼ਾਮਲ ਹੈ। ਐੱਨ.ਡੀ.ਏ.ਏ. ਫ਼ੌਜੀ ਖਰਚਿਆਂ ਵਿੱਚ 5 ਪ੍ਰਤੀਸ਼ਤ ਵਾਧੇ ਨੂੰ ਅਧਿਕਾਰਤ ਕਰਦਾ ਹੈ ਅਤੇ ਫ਼ੌਜੀ ਨਿਆਂ ਪ੍ਰਣਾਲੀ ਵਿੱਚ ਸੁਧਾਰ ਤੋਂ ਲੈ ਕੇ ਸਿਪਾਹੀਆਂ ਲਈ ਕੋਵਿਡ-19 ਟੀਕਾਕਰਨ ਦੀਆਂ ਜ਼ਰੂਰਤਾਂ ਤਕ ਦੇ ਮੁੱਦਿਆਂ 'ਤੇ ਡੈਮੋਕ੍ਰੇਟਸ ਅਤੇ ਰਿਪਬਲਿਕਨਾਂ ਵਿਚਕਾਰ ਗਹਿਰੀ ਗੱਲਬਾਤ ਦਾ ਨਤੀਜਾ ਹੈ।

ਬਾਇਡੇਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਇਹ ਐਕਟ ਫ਼ੌਜੀ ਕਰਮਚਾਰੀਆਂ ਅਤੇ ਉਨ ਾਂ ਦੇ ਪਰਿਵਾਰਾਂ ਨੂੰ ਮਹੱਤਵਪੂਰਨ ਲਾਭ ਪ੍ਰਦਾਨ ਕਰਦਾ ਹੈ ਅਤੇ ਨਿਆਂ ਤਕ ਪਹੁੰਚ ਨੂੰ ਵਧਾਉਂਦਾ ਹੈ ਅਤੇ ਸਾਡੇ ਦੇਸ਼ ਦੀ ਰਾਸ਼ਟਰੀ ਰੱਖਿਆ ਦਾ ਸਮਰਥਨ ਕਰਨ ਲਈ ਮੁੱਖ ਅਧਿਕਾਰੀਆਂ ਨੂੰ ਸੂਚੀਬੱਧ ਕਰਦਾ ਹੈ। 768.2 ਅਰਬ ਡਾਲਰ ਦੀ ਅਧਿਕਾਰਤ ਰਕਮ ਉਸ ਰਾਸ਼ੀ ਤੋਂ 25 ਅਰਬ ਡਾਲਰ ਵੱਧ ਹੈ ਜਿਸ ਲਈ ਬਾਇਡੇਨ ਨੇ ਸ਼ੁਰੂ ਵਿੱਚ ਸੰਸਦ ਨੂੰ ਬੇਨਤੀ ਕੀਤੀ ਸੀ। ਸਾਬਕਾ ਪ੍ਰਸਤਾਵ ਨੂੰ ਦੋਵਾਂ ਪਾਰਟੀਆਂ ਦੇ ਮੈਂਬਰਾਂ ਦੁਆਰਾ ਚਿੰਤਾਵਾਂ ਦੇ ਕਾਰਨ ਰੱਦ ਕਰ ਦਿੱਤਾ ਗਿਆ ਸੀ ਕਿ ਇਹ ਮਿਲਟਰੀ ਮਾਮਲੇ ਵਿੱਚ ਚੀਨ ਅਤੇ ਰੂਸ ਸਾਮਾਨ ਫ਼ੌਜੀ ਸਮਰੱਥਾ ਨੂੰ ਕਾਇਮ ਰੱਖਣ ਦੇ ਅਮਰੀਕੀ ਯਤਨਾਂ ਨੂੰ ਕਮਜ਼ੋਰ ਕਰੇਗਾ।

ਨਵਾਂ ਬਿੱਲ ਇਸ ਮਹੀਨੇ ਦੇ ਸ਼ੁਰੂ ਵਿੱਚ ਦੋ-ਪੱਖੀ ਸਮਰਥਨ ਨਾਲ ਪਾਸ ਹੋਇਆ। ਡੈਮੋਕ੍ਰੇਟਿਕ ਪਾਰਟੀ ਦੇ ਮੈਂਬਰਾਂ ਨੇ ਬਿੱਲ ਰਾਹੀਂ ਫ਼ੌਜੀ ਨਿਆਂ ਪ੍ਰਣਾਲੀ ਦੇ ਸੁਧਾਰ ਦੀ ਸ਼ਲਾਘਾ ਕੀਤੀ, ਜੋ ਜਿਣਸੀ ਹਮਲਿਆਂ ਸਮੇਤ ਅਪਰਾਧਾਂ ਵਿੱਚ ਫ਼ੌਜੀ ਕਮਾਂਡਰਾਂ ਦੇ ਹੱਥਾਂ ਤੋਂ ਮੁਕੱਦਮੇ ਦੇ ਅਧਿਕਾਰ ਖੇਤਰ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲੈ ਜਾਵੇਗਾ। ਉੱਥੇ ਰਿਪਬਲਿਕਨ ਮੈਂਬਰ ਡਰਾਫ਼ਟ ਵਿੱਚ ਔਰਤਾਂ ਨੂੰ ਸ਼ਾਮਲ ਕਰਨ ਦੀ ਕੋਸਸਿ ਨੂੰ ਰੋਕਣ ਦੇ ਨਾਲ-ਨਾਲ ਉਸ ਵਿਵਸਥਾ ਨੂੰ ਸ਼ਾਮਲ ਕਰਨ ਵਿੱਚ ਸਫ਼ਲ ਹੋਏ ਜੋ ਕੋਵਿਡ-19 ਵੈਕਸੀਨ ਲੈਣ ਤੋਂ ਇਨਕਾਰ ਕਰਨ ਵਾਲੇ ਫ਼ੌਜੀ ਕਰਮਚਾਰੀਆਂ ਦੀ ਅਪਮਾਨਜਨਕ ਤਰੀਕੇ ਨਾਲ ਬਰਖਾਸਤਗੀ ਨੂੰ ਰੋਕਦਾ ਹੈ।

ਪ੍ਰਧਾਨ ਮੰਤਰੀ ਮੋਦੀ ਹੁਣ 12 ਕਰੋੜ ਦੀ ਇਸ ਮਰਸੀਡੀਜ਼ 'ਚ ਕਰਨਗੇ ਸ.ਫਰ

ਨਵੀਂ ਦਿੱਲੀ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਮਰਸੀਡੀਜ਼ 'ਚ ਸ.ਫ਼ਰ ਕਰਦੇ ਨਜ਼ਰ ਆਉਣਗੇ। ਦਰਅਸਲ ਪ੍ਰਧਾਨ ਮੰਤਰੀ ਦੀ ਨਵੀਂ ਗੱਡੀ ਹਾਲ ਹੀ 'ਚ ਦਿੱਲੀ ਦੇ ਹੈਦਰਾਬਾਦ ਹਾਊਸ 'ਚ ਦੇਖੀ ਗਈ ਸੀ। ਜਦੋਂ ਉਹ ਰੂਸੀ ਰਾਸ਼ਟਰਪਤੀ ਵਲਾਦਿਮੀਰ ਪੁਤਿਨ ਦੇ ਸਵਾਗਤ ਲਈ ਪਹੁੰਚੇ ਸਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਹੁਣ ਮਰਸੀਡੀਜ-ਮੇਬੈਕ 650 ਗਾਰਡ (Mercedes-Maybach S650 Guard VR10) ਕਾਰ 'ਚ ਸ.ਫ਼ਰ ਕਰਨਗੇ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਪੀ.ਐੱਮ. ਮੋਦੀ ਰੇਂਜ ਰੋਵਰ ਵੋਗ ਅਤੇ ਟੋਇਟਾ ਲੈਂਡ ਕਰੂਜ਼ਰ ਦੀ ਵਰਤੋਂ ਕਰਦੇ ਰਹੇ ਹਨ। ਹੁਣ ਜਿਸ ਗੱਡੀ 'ਚ ਪੀ.ਐੱਮ. ਮੋਦੀ ਨਜ਼ਰ ਆਉਣਗੇ ਅਤੇ ਉਹ ਮਰਸੀਡੀਜ਼-ਮੇਬੈਕ 650 ਗਾਰਡ ਜਬਰਦਸਤ ਸੁਰੱਖ਼ਿਆ ਪ੍ਰਦਾਨ ਕਰਦਾ ਹੈ। ਇਸ ਦੀ ਅਪਗ੍ਰੇਡੇਡ ਵਿੰਡੋ ਅਤੇ ਬਾਡੀ ਸ਼ੈੱਲ ਦੀ ਬਦੌਲਤ ਇਹ ਗੋਲੀਆਂ ਤੋਂ ਬਚਾਉਂਦਾ ਹੈ। ਇਸ 'ਚ ਏ.ਕੇ.-47 ਰਾਈਫ਼ਲ ਦਾ ਵੀ ਕੋਈ ਅਸਰ ਹੁੰਦਾ ਹੈ। ਉੱਥੇ ਹੀ ਇਸ ਕਾਰ ਨੂੰ ਐਕਸਪਲੋਸਿਵ ਰੈਸਿਸਟੈਂਟ ਵੀਕਲ 2010 ਰੇਟਿੰਗ ਮਿਲੀ ਹੈ। ਇਸ ਤੋਂ ਇਲਾਵਾ ਇਸ ਕਾਰ ਦੀ ਖਾਸੀਅਤ ਇਹ ਹੈ ਕਿ ਸਿਰਫ਼ 2 ਮੀਟਰ ਦੀ ਦੂਰੀ 'ਤੇ 15 ਕਿਲੋਗ੍ਰਾਮ ਟੀ.ਐੱਨ.ਟੀ. ਦੀ ਵਰਤੋਂ ਨਾਲ ਹੋਣ ਵਾਲੇ ਵਿਸ.ਫ਼ੋਟ ਤੋਂ ਬਚਾਉਣ ਦੀ ਸਮਰੱਥਾ ਰੱਖਦਾ ਹੈ। ਇਸ ਦੀਆਂ ਖਿੜਕੀਆਂ ਦੇ ਅੰਦਰ ਪਾਲੀਕਾਰਬੋਨੇਟ ਕੋਟਿੰਗ ਲੱਗੀ ਹੋਈ ਹੈ, ਜਦੋਂ ਕਿ ਅੰਦਰ ਦਾ ਹਿੱਸਾ ਬਖਤਰਬੰਦ ਹੈ ਤਾਂ ਕਿ ਇਸ 'ਚ ਮੌਜੂਦ ਸ਼ਖ਼ਸ ਨੂੰ ਵਿਸ.ਫ਼ੋਟ ਤੋਂ ਬਚਾਇਆ ਜਾ ਸਕੇ। ਗੈਸ ਅਟੈਕ ਦੀ ਸਥਿਤੀ 'ਚ ਕੇਬਿਨ 'ਚ ਵੱਖ ਤੋਂ ਏਅਰ ਸਪਲਾਈ ਦੀ ਵੀ ਵਿਵਸਥਾ ਹੈ।

ਇਸ ਮਰਸੀਡੀਜ਼ ਦਾ ਇੰਜਣ ਵੀ ਦਮਦਾਰ ਹੈ। ਜ਼ਿਕਰਯੋਗ ਹੈ ਕਿ - 650 10) 'ਚ 6.0 ਲੀਟਰ ਟਵਿਨ-ਟਰਬੋ 12 ਇੰਜਣ ਹੈ, ਜੋ 516 ਅਤੇ ਲੱਗਭਗ 900 ਤਕ ਦਾ ਟਾਰਕ ਪੈਦਾ ਕਰਦਾ ਹੈ। ਕਾਰ ਦੀ ਵੱਧ ਤੋਂ ਵੱਧ ਸਪੀਡ 160 ਕਿਲੋਮੀਟਰ ਪ੍ਰਤੀ ਘੰਟੇ ਤਕ ਹੋ ਸਕਦੀ ਹੈ। ਕਾਰ 'ਚ ਵਿਸ਼ੇਸ਼ ਤਰ੍ਹਾਂ ਦੇ ਰਨ-ਫ਼ਲੈਟ ਟਾਇਰ ਵੀ ਲੱਗੇ ਹਨ, ਜੋ ਨੁਕਸਾਨੇ ਜਾਣ ਜਾਂ ਪੰਚਰ ਹੋਣ ਦੀ ਸਥਿਤੀ 'ਚ ਵੀ ਕੰਮ ਕਰਦੇ ਰਹਿਣਗੇ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਦੀ ਸੁਰੱਖ਼ਿਆ ਨੂੰ ਧਿਆਨ 'ਚ ਰੱਖਦੇ ਹੋਏ ਨਵੀਂ ਕਾਰ ਲਈ ਅਪੀਲ ਆਮ ਤੌਰ ਵਲੋਂ ਕੀਤੀ ਜਾਂਦੀ ਹੈ। ਸੁਰੱਖ਼ਿਆ ਜ਼ਰੂਰਤਾਂ ਦੀ ਪਛਾਣ ਕਰਦਾ ਹੈ ਅਤੇ ਫ਼ਿਰ ਫ਼ੈਸਲਾ ਲੈਂਦਾ ਹੈ ਕਿ ਕਿਵੇਂ ਗੱਡੀਆਂ ਨੂੰ ਇਸਤੇਮਾਲ 'ਚ ਲਿਆਉਣਾ ਹੈ। ਉੱਥੇ ਹੀ ਕੀਮਤ ਦੀ ਗੱਲ ਕਰੀਏ ਤਾਂ ਇਹ ਕਰੀਬ 12 ਕਰੋੜ ਰੁਪਏ ਦੀ ਹੈ।

ਘਰ ਦੀਆਂ ਅਲਮਾਰੀਆਂ 'ਚ ਭਰੇ ਸਨ ਕਰੋੜਾਂ ਰੁਪਏ, ਅਜਿਹਾ ਸੀ ਪਿਊਸ਼ ਜੈਨ ਦਾ ਲਾਈ.ਫ ਸਟਾਈਲ

ਕਾਨਪੁਰ-ਪਿਊਸ਼ ਜੈਨ ਦਾ ਨਾਂ ਹੁਣ ਹਰ ਕਿਸੇ ਦੀ ਜ਼ੁਬਾਨ 'ਤੇ ਹੈ। ਇਤਰ ਕਾਰੋਬਾਰੀ ਪਿਊਸ਼ ਜੈਨ ਦੇ ਕਾਨਪੁਰ ਅਤੇ ਕੰਨੌਜ ਸਥਿਤ ਘਰਾਂ 'ਚੋਂ ਹੁਣ ਤਕ ਕੁੱਲ 291 ਕਰੋੜ ਰੁਪਏ ਤੋਂ ਜ਼ਿਆਦਾ ਕੈਸ਼ ਬਰਾਮਦ ਹੋਇਆ ਹੈ। ਇਸ ਤੋਂ ਇਲਾਵਾ ਕਰੋੜਾਂ ਰੁਪਏ ਦਾ ਸੋਨਾ, ਚਾਂਦੀ ਅਤੇ ਚੰਦਨ ਦਾ ਤੇਲ ਮਿਲਿਆ ਹੈ। ਨੋਟ ਇੰਨੇ ਕਿ ਉਸ ਨੂੰ ਗਿਣਨ ਵਿੱਚ ਡਾਇਰੈਕਟਰ ਜਨਰਲ

ਔਫ਼ ਜੀ. ਐੱਸ. ਟੀ. ਇੰਟੈਲੀਜੈਂਸ (ਡੀ. ਜੀ. ਜੀ. ਆਈ.) ਦੇ ਅਧਿਕਾਰੀਆਂ ਨੂੰ 5 ਦਿਨ ਲੱਗ ਗਏ। ਜਿਸ ਘਰ ਤੋਂ ਇੰਨੀ ਧਨ-ਦੌਲਤ ਮਿਲੀ ਹੈ, ਉਸ ਦਾ ਰਹਿਣ-ਸਹਿਣ ਕਿੰਨਾ ਸ਼ਾਨਦਾਰ ਹੋਵੇਗਾ ਪਰ ਤੁਹਾਨੂੰ ਜਾਣ ਕੇ ਹੈਰਾਨ ਹੋਵੇਗੀ ਕਿ ਇਹ ਧਨ ਕੁਬੇਰ ਪਿਊਸ਼ ਜੈਨ ਇੱਕ ਬਹੁਤ ਪੁਰਾਣੇ ਸਕੂਟਰ ਅਤੇ ਖਟਾਰਾ ਕਾਰ ਚਲਾਉਂਦਾ ਸੀ।

ਡੀ. ਜੀ. ਜੀ. ਆਈ. ਅਹਿਮਦਾਬਾਦ ਦੀ ਟੀਮ ਨੇ ਬੀਤੇ ਹਫ਼ਤੇ ਕਾਨਪੁਰ ਸਥਿਤ ਰਿਹਾਇਸ਼ਤ 'ਤੇ ਛਾਪੇਮਾਰੀ ਕੀਤੀ। ਇਸ ਤੋਂ ਬਾਅਦ ਕੰਨੌਜ ਸਥਿਤ ਰਿਹਾਇਸ਼ 'ਚ ਛਾਪੇਮਾਰੀ ਕੀਤੀ ਗਈ। ਜਾਂਚ ਏਜੰਸੀਆਂ ਬੀਤੇ 5 ਦਿਨਾਂ ਤੋਂ ਨੋਟ ਗਿਣਨ ਵਾਲੀਆਂ ਮਸ਼ੀਨਾਂ ਨਾਲ ਕੈਸ਼ ਗਿਣਨ ਵਿੱਚ ਜੁੱਟੀਆਂ ਸਨ। ਘਰਾਂ ਦੀਆਂ ਕੰਧਾਂ, ਸੀਲਿੰਗ, ਅਲਮਾਰੀਆਂ ਅਤੇ ਤਹਿਖਾਨੇ ਤੋਂ ਕੈਸ਼ ਮਿਲਿਆ। ਪਿਊਸ਼ ਜੈਨ ਦੇ ਕਾਨਪੁਰ ਘਰ 'ਚੋਂ 177.45 ਕਰੋੜ ਰੁਪਏ ਬਰਾਮਦ ਹੋਏ ਅਤੇ ਕੰਨੌਜ ਤੋਂ 17 ਕਰੋੜ ਰੁਪਏ ਬਰਾਮਦ ਹੋਏ ਹਨ। ਇਸ ਇਲਾਵਾ 23 ਕਿਲੋ ਸੋਨਾ, ਲੱਗਭਗ 250 ਕਿਲੋ ਚਾਂਦੀ ਅਤੇ 600 ਕਿਲੋ ਚੰਦਨ ਦਾ ਤੇਲ ਬਰਾਮਦ ਹੋਇਆ। ਪਿਊਸ਼ ਜੈਨ ਨੇ ਮੰਨਿਆ ਦੀ ਸਾਰਾ ਪੈਸਾ ਉਸ ਦਾ ਹੈ। ਡੀ. ਜੀ. ਜੀ. ਆਈ. ਅਤੇ ਇਨਕਮ ਟੈਕਸ ਤੋਂ ਇਲਾਵਾ ਡੀ. ਆਰ. ਆਈ. ਵੀ ਹੁਣ ਇਸ ਮਾਮਲੇ ਦੀ ਜਾਂਚ 'ਚ ਜੁਟੀ ਹੈ, ਕਿਉਂਕਿ ਵਿਦੇਸ਼ੀ ਮਾਰਕੇ ਵਾਲਾ ਸੋਨਾ ਬਰਾਮਦ ਹੋਇਆ ਹੈ। ਉਥੇ ਹੀ 5 ਦਿਨ ਦੀ ਲਗਾਤਾਰ ਛਾਪੇਮਾਰੀ 'ਚ ਹੁਣ ਤਕ ਕੁੱਲ 291 ਕਰੋੜ ਰੁਪਏ ਕੈਸ਼ ਬਰਾਮਦ ਕੀਤੇ ਗਏ ਹਨ।

ਪਿਊਸ਼ ਜੈਨ ਨੂੰ ਡੀ. ਜੀ. ਜੀ. ਆਈ. ਅਹਿਮਦਾਬਾਦ ਟੀਮ ਨੇ ਕੋਰਟ 'ਚ ਪੇਸ਼ ਕੀਤਾ। ਟੀਮ ਨੇ 14 ਦਿਨ ਦੀ ਨਿਆਇੱਕ ਹਿਰਾਸਤ 'ਚ ਲੈ ਲਿਆ ਹੈ। ਕੋਰਟ ਦੀ ਇਜਾਜ਼ਤ ਤੋਂ ਬਾਅਦ ਪਿਊਸ਼ ਜੈਨ 14 ਦਿਨ ਜੇਲ 'ਚ ਰਹੇਗਾ। ਪਿਊਸ਼ ਜੈਨ ਨੂੰ ਟੈਕਸ ਚੋਰੀ ਦੇ ਦੋਸ਼ 'ਚ ਦੇਰ ਰਾਤ ਗ੍ਰਿਫ਼ਤਾਰ ਕਰ ਲਿਆ ਗਿਆ ਸੀ।

Geeta Sexena
Bureau Chief (Punjab))
Gagandeep Singh
Deputy News Editor
Sharanjit Singh Thind
Editor in Chief
Susmita Ghosh
Deputy Managing Editor
Josh India WebTV
The South Asian
INSIDER
Josh
India WebTV

ਫੇਰਿ ਵਸਾਇਆ ਫੇਰੁਆਣਿ ਸਤਿਗੁਰਿ

ਗੁਰੂ ਨਾਨਕ ਆਪਣੇ ਪੁੱਤਰਾਂ ਦੇ ਸੁਭਾਅ ਤੋਂ ਪਹਿਲਾਂ ਹੀ ਜਾਣੂ ਸਨ ਅਤੇ ਉਹ ਸਿੱਖੀ-ਪ੍ਰਚਾਰ ਦਾ ਨਵਾਂ ਕੇਂਦਰ ਬਣਾਉਣ ਦੇ ਇੱਛੁਕ ਵੀ ਸਨ। ਇਸ ਲਈ ਉਹ ਗੁਰੂ ਅੰਗਦ ਦੇਵ ਨੂੰ 'ਖਡੂਰ ਸਾਹਿਬ' ਨੂੰ ਪ੍ਰਚਾਰ-ਕੇਂਦਰ ਬਣਾਉਣ ਬਾਰੇ ਵੀ ਕਹਿ ਗਏ ਸਨ। ਇੱਥੇ ਉਹ ਕਾਫੀ ਸਮਾਂ ਮਾਈ ਵਿਰਾਈ ਦੇ ਘਰ ਸਿਮਰਨ ਵਿੱਚ ਲੀਨ ਰਹੇ। ਗੁਰੂ ਜੀ ਨੇ ਇਸ ਮਾਈ ਨੂੰ ਕਹਿ ਰੱਖਿਆ ਸੀ ਕਿ ਕਿਸੇ ਨੂੰ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਾ ਦੇਣ। ਗੁਰੂ ਨਾਨਕ ਦੇ ਜੋਤੀ-ਜੋਤਿ ਸਮਾਉਣ ਦੀ ਖਬਰ ਸੁਣ ਕੇ ਉਹ ਬਹੁਤ ਵੈਰਾਗ ਵਿੱਚ ਆ ਗਏ ਅਤੇ ਉਨ੍ਹਾਂ ਦੀ ਯਾਦ ਵਿੱਚ ਕਰਤਾਰ ਦੀ ਬੰਦਗੀ ਵਿੱਚ ਲੱਗੇ ਰਹੇ। ਸੰਗਤਾਂ ਨੇ ਆਖਿਰ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਅੰਗਦ ਦੇ ਟਿਕਾਣੇ ਦਾ ਪਤਾ ਕਰਨ। ਬਾਬਾ ਬੁੱਢਾ ਜੀ ਅਤੇ ਸਿੱਖ ਸੰਗਤਾਂ ਨੇ ਮਾਈ ਵਿਰਾਈ ਜੀ ਰਾਹੀਂ ਗੁਰੂ ਅੰਗਦ ਦੇਵ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਬੇਨਤੀ ਕੀਤੀ। ਗੁਰੂ ਅੰਗਦ ਨੇ 62 ਸਲੋਕਾਂ ਦੀ ਰਚਨਾ ਕੀਤੀ।



ਅਧਿਆਤਮਕ ਤੇ ਦੁਨਿਆਵੀ ਜੀਵਨ ਵਿੱਚ ਗੁਰੂ ਦਾ ਵੱਡਾ ਮਹੱਤਵ ਹੈ। ਪੰਜਾਬੀ ਲੋਕਧਾਰਾ ਵਿੱਚ 'ਗੁਰੂ ਬਿਨਾਂ ਗਤ ਨਹੀਂ ਅਤੇ ਸ਼ਾਹ ਬਿਨਾਂ ਪੱਤ ਨਹੀਂ' ਦੀ ਪੰਕਤੀ ਪ੍ਰਚੱਲਤ ਹੈ ਤਾਂ ਗੁਰਬਾਣੀ ਵਿੱਚ ਗੁਰੂ ਨੂੰ ਗਿਆਨ ਅਤੇ ਗੁੜ੍ਹਤੀ ਦਾ ਦਾਤਾ ਹੋਣ ਦੇ ਨਾਲ ਨਾਲ ਗੁਰੂ ਪਰਮੇਸ਼ਰ ਤੇ ਪਾਰਬ੍ਰਹਮ ਪਰਮੇਸ਼ਰ ਹੋਣ ਦਾ ਰੁਤਬਾ ਪ੍ਰਾਪਤ ਹੈ। ਭਾਈ ਵੀਰ ਸਿੰਘ 'ਗੁਰੂ' ਦਾ ਅਰਥ ਅਗਿਆਨਤਾ ਦੇ ਹਨੇਰੇ ਨੂੰ ਕੱਟ ਕੇ ਗਿਆਨ ਰੂਪੀ ਪ੍ਰਕਾਸ਼ ਕਰ ਦੇਣ ਦੇ ਅਰਥਾਂ ਵਿੱਚ ਕਰਦੇ ਹਨ। ਸਿੱਖੀ ਵਿੱਚ ਗੁਰੂ ਅਤੇ ਗੁਰਗੱਦੀ ਦੀ ਬਖ਼ਸ਼ਿਸ਼, ਇਲਾਹੀ ਰਮਜ਼ ਦਾ ਵਰਤਾਰਾ ਹੈ। ਗੁਰੂ ਨਾਨਕ ਦੇਵ ਨੇ ਇਸੇ ਇਲਾਹੀ ਫਰਮਾਨ ਰਾਹੀਂ ਭਾਈ ਲਹਿਣਾ ਨੂੰ ਸਤੰਬਰ 1539 ਈਸਵੀ ਵਿੱਚ ਗੁਰਗੱਦੀ ਬਖਸ਼ੀ। ਭਾਈ ਗੁਰਦਾਸ ਆਪਣੀ ਪਹਿਲੀ ਵਾਰ ਦੀ ਪੰਜਤਾਲਵੀਂ ਪਉੜੀ ਵਿੱਚ ਗੁਰ-ਗੱਦੀ ਦੀ ਮਹਾਨਤਾ ਦਰਸਾਉਂਦੇ ਹਨ:

ਥਾਪਿਆ ਲਹਿਣਾ ਜੀਵਦੇ, ਗੁਰਿਆਈ ਸਿਰਿ ਛਤ੍ਰ ਫਿਰਾਇਆ॥ ਜੋਤੀ ਜੋਤਿ ਮਿਲਾਇ ਕੈ, ਸਤਿਗੁਰ ਨਾਨਕਿ ਰੂਪ ਵਟਾਇਆ॥ ਲਖਿ ਨ ਕੋਈ ਸਕਈ, ਆਚਰਜੇ ਆਚਰਜੁ ਦਿਖਾਇਆ॥ ਕਾਇਆ ਪਲਟਿ ਸਰੂਪ ਬਣਾਇਆ॥ (ਵਾਰ 1, ਪਉੜੀ 45)

ਗੁਰੂ ਨਾਨਕ ਵੱਲੋਂ ਪਾਈਆਂ ਲੀਹਾਂ ਮੁਤਾਬਕ ਗੁਰੂ ਅੰਗਦ ਦੇਵ ਨੇ ਗੁਰਮੁਖੀ ਲਿਪੀ, ਲੰਗਰ, ਮੱਲ ਅਖਾੜੇ ਆਦਿ ਰਾਹੀਂ ਸਿੱਖੀ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਗੁਰੂ ਨਾਨਕ ਨੇ ਗੁਰਿਆਈ ਦੀ ਰਸਮ ਆਪ ਅਦਾ ਕਰ ਕੇ ਖ਼ੁਦ ਭਾਈ ਲਹਿਣਾ ਤੋਂ ਗੁਰੂ ਅੰਗਦ ਬਣਾ ਕੇ ਆਪ ਮੱਥਾ ਟੇਕਿਆ ਅਤੇ ਆਪਣੇ ਪਿਆਰੇ ਸਿੱਖਾਂ ਨੂੰ ਵੀ ਮੱਥਾ ਟੇਕਣ ਦਾ ਆਦੇਸ਼ ਕੀਤਾ। ਇਸ ਨਾਲ ਸਿੱਖੀ ਨੂੰ ਗੁਰਿਆਈ ਪਰੰਪਰਾ ਦਾ ਗਿਆਨ ਹੋਇਆ ਅਤੇ ਗੁਰੂ ਨਾਨਕ ਦੀ ਗੱਦੀ ਦੇ ਵਾਰਿਸ ਦੀ ਸਪੱਸ਼ਟ ਪਛਾਣ ਹੋਈ। ਇਸ ਵਰਤਾਰੇ ਨੇ ਇਤਿਹਾਸਿਕ ਤੌਰ 'ਤੇ ਸਿੱਖੀ ਦੇ ਅਗਲੇ ਪੰਥ ਲਈ ਮਹੱਤਵਪੂਰਨ ਭੂਮਿਕਾ ਨਿਭਾਈ।

ਗੁਰੂ ਨਾਨਕ ਆਪਣੇ ਪੁੱਤਰਾਂ ਦੇ ਸੁਭਾਅ ਤੋਂ ਪਹਿਲਾਂ ਹੀ ਜਾਣੂ ਸਨ ਅਤੇ ਉਹ ਸਿੱਖੀ-ਪ੍ਰਚਾਰ ਦਾ ਨਵਾਂ ਕੇਂਦਰ ਬਣਾਉਣ ਦੇ ਇੱਛੁਕ ਵੀ ਸਨ। ਇਸ ਲਈ ਉਹ ਗੁਰੂ ਅੰਗਦ ਦੇਵ ਨੂੰ 'ਖਡੂਰ ਸਾਹਿਬ' ਨੂੰ ਪ੍ਰਚਾਰ-ਕੇਂਦਰ ਬਣਾਉਣ ਬਾਰੇ ਵੀ ਕਹਿ ਗਏ ਸਨ। ਇੱਥੇ ਉਹ ਕਾਫੀ ਸਮਾਂ ਮਾਈ ਵਿਰਾਈ ਦੇ ਘਰ ਸਿਮਰਨ ਵਿੱਚ ਲੀਨ ਰਹੇ। ਗੁਰੂ ਜੀ ਨੇ ਇਸ ਮਾਈ ਨੂੰ ਕਹਿ ਰੱਖਿਆ ਸੀ ਕਿ ਕਿਸੇ ਨੂੰ ਉਨ੍ਹਾਂ ਬਾਰੇ ਕੋਈ ਜਾਣਕਾਰੀ ਨਾ ਦੇਣ। ਗੁਰੂ ਨਾਨਕ ਦੇ ਜੋਤੀ-ਜੋਤਿ ਸਮਾਉਣ ਦੀ ਖਬਰ ਸੁਣ ਕੇ ਉਹ ਬਹੁਤ ਵੈਰਾਗ ਵਿੱਚ ਆ ਗਏ ਅਤੇ ਉਨ੍ਹਾਂ ਦੀ ਯਾਦ ਵਿੱਚ ਕਰਤਾਰ ਦੀ ਬੰਦਗੀ ਵਿੱਚ ਲੱਗੇ ਰਹੇ। ਸੰਗਤਾਂ ਨੇ ਆਖਿਰ ਬਾਬਾ ਬੁੱਢਾ ਜੀ ਨੂੰ ਬੇਨਤੀ ਕੀਤੀ ਕਿ ਉਹ ਗੁਰੂ ਅੰਗਦ ਦੇ ਟਿਕਾਣੇ ਦਾ ਪਤਾ ਕਰਨ। ਬਾਬਾ ਬੁੱਢਾ ਜੀ ਅਤੇ ਸਿੱਖ ਸੰਗਤਾਂ ਨੇ ਮਾਈ ਵਿਰਾਈ ਜੀ ਰਾਹੀਂ ਗੁਰੂ ਅੰਗਦ ਦੇਵ ਨੂੰ ਗੁਰ-ਗੱਦੀ ਦੀ ਜ਼ਿੰਮੇਵਾਰੀ ਸੰਭਾਲਣ ਲਈ ਬੇਨਤੀ ਕੀਤੀ। ਗੁਰੂ ਅੰਗਦ ਨੇ 62 ਸਲੋਕਾਂ ਦੀ ਰਚਨਾ ਕੀਤੀ। ਖਡੂਰ ਸਾਹਿਬ ਨੂੰ ਆਪਣਾ ਸਦਰ ਮੁਕਾਮ ਬਣਾਇਆ ਅਤੇ ਇੱਥੋਂ ਹੀ ਅਗਲੇ ਕਾਰਜ ਕਰਦੇ ਰਹੇ। ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿੱਪੀ ਦਾ ਪਹਿਲਾ ਬਾਲ ਬੋਧ ਜਾਰੀ ਕੀਤਾ ਗਿਆ। ਇਸੇ ਸਥਾਨ 'ਤੇ ਗੁਰਮੁਖੀ ਲਿਪੀ ਨੂੰ ਤਰਤੀਬ ਦੇ ਕੇ ਵਿਕਸਿਤ ਕੀਤਾ ਤੇ ਬਾਲ-ਬੋਧ ਲਿਖਵਾ ਕੇ ਇਸੇ ਲਿਪੀ ਵਿੱਚ ਇਤਿਹਾਸਿਕ ਸ੍ਰੋਤ ਜਨਮ ਸਾਖੀ ਲਿਖਵਾਈ। ਗੁਰੂ ਅੰਗਦ ਗੁਰੂ ਸ਼ਬਦ ਦਾ ਲੰਗਰ ਖ਼ੁਦ ਵਰਤਾਇਆ ਕਰਦੇ ਸਨ। ਇਸ ਬਾਰੇ ਭਾਈ ਸੱਤਾ ਤੇ ਬਲਵੰਡ 'ਰਾਮਕਲੀ ਕੀ ਵਾਰ' ਵਿੱਚ ਜ਼ਿਕਰ ਕਰਦੇ ਹਨ:

ਲੰਗਰੁ ਚਲੈ ਗੁਰ ਸਬਦਿ, ਹਰਿ ਤੋਟਿ ਨ ਆਵੀ ਖਟੀਐ॥

ਗੁਰੂ ਅੰਗਦ ਨੇ ਨਿਰੋਏ ਤੇ ਤੰਦਰੁਸਤ ਸਰੀਰਾਂ ਦੀ ਚੇਤਨਾ ਪੈਦਾ ਕਰਨ ਲਈ ਮੱਲ ਅਖਾੜਾ ਬਣਾਇਆ, ਜਿੱਥੇ ਗੁਰੂ ਜੀ ਆਪਣੀ ਨਿਗਰਾਨੀ ਅਤੇ ਸਰਪ੍ਰਸਤੀ ਹੇਠ ਵਰਜਿਸ਼ ਕਰਵਾਉਂਦੇ ਰਹੇ। ਗੁਰੂ ਜੀ ਵੱਲੋਂ ਨਰੋਈ ਦੇਹ ਦੀ ਪੈਦਾ ਕੀਤੀ ਚੇਤਨਾ ਵਿਚੋਂ ਹੀ ਸਿੱਖਾਂ ਵਿੱਚ ਉਹ ਸੱਭਿਆਚਾਰ ਪੈਦਾ ਹੋਇਆ ਜੋ ਖ਼ਾਲਸਾ ਫੌਜ ਦੇ ਵਿਲੱਖਣ ਕਾਰਨਾਮਿਆਂ ਦਾ ਆਧਾਰ ਬਣਿਆ। ਇਸ ਤੋਂ ਇਲਾਵਾ ਉਨ੍ਹਾਂ ਲੰਗਰ ਦੀ ਪ੍ਰਥਾ ਵੀ ਚਲਾਈ ਜਿਸ ਵਿੱਚ ਗੁਰੂ ਜੀ ਦੇ ਮਹਿਲ ਮਾਤਾ ਖੀਵੀ ਨੇ ਵਡਮੁੱਲਾ ਯੋਗਦਾਨ ਪਾਇਆ। ਲੰਗਰ ਦੀ ਇਹ ਪ੍ਰਥਾ ਅੱਜ ਵੀ ਉਸੇ ਰੂਪ ਵਿੱਚ ਬਾਬਾ ਸੇਵਾ ਸਿੰਘ ਕਾਰ ਸੇਵਾ, ਖਡੂਰ ਸਾਹਿਬ ਦੀ ਸਰਪ੍ਰਸਤੀ ਹੇਠ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਨਿਰਵਿਘਨ ਚਲਾਈ ਜਾ ਰਹੀ ਹੈ। ਇਸ ਤਰ੍ਹਾਂ ਗੁਰੂ ਸਾਹਿਬ ਨੇ ਗੁਰਿਆਈ ਦਾ ਲਗਭਗ 13 ਸਾਲ ਦਾ ਅਰਸਾ ਖਡੂਰ ਸਾਹਿਬ ਵਿਖੇ ਹੀ ਬਤੀਤ ਕੀਤਾ ਅਤੇ ਸਿੱਖੀ ਦੇ ਸੰਸਥਾਈ ਢਾਂਚੇ ਦੀ ਉਸਾਰੀ ਕੀਤੀ। ਇਸੇ ਢਾਂਚੇ ਕਰਕੇ ਸਿੱਖਾਂ ਦੀ ਵਿਲੱਖਣ ਹਸਤੀ ਅਤੇ ਇਸ ਦਾ ਸੱਭਿਆਚਾਰ ਹੋਂਦ ਵਿੱਚ ਆਇਆ। ਗੁਰੂ ਅੰਗਦ ਦਾ ਗੁਰ-ਗੱਦੀ ਪੁਰਬ ਗੁਰਦੁਆਰਾ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਖਡੂਰ ਸਾਹਿਬ ਵਿਖੇ ਹਰ ਸਾਲ ਮਨਾਇਆ ਜਾਂਦਾ ਹੈ।



ਜੈਤੋ ਦਾ ਮੋਰਚਾ

ਗੁਰਦੁਆਰਾ ਟਿੱਬੀ ਸਾਹਿਬ ਤੇ ਗੁਰਦੁਆਰਾ ਗੰਗਸਰ ਸਾਹਿਬ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1761 ਬਿ: ਸੰਮਤ 1704 ਈ: ਵਿੱਚ ਆਪਣੇ ਚਰਨ ਪਾਏ। ਗੁਰਦੁਆਰਾ ਗੰਗਸਰ ਸਾਹਿਬ ਵਿਖੇ ਇੱਕ ਬ੍ਰਹਮਣ ਨੂੰ ਚਲਦੀ ਗੰਗਾ ਵਿਖਾਈ ਤੇ ਉਸਦਾ ਹਰਿਦੁਆਰ ਵਿੱਚ ਗੁਆਚਾ ਗੜਵਾ ਇਸ ਥਾਂ ਤੋਂ ਲੱਭਾ। ਇਸ ਲਈ ਇਸ ਅਸਥਾਨ ਦਾ ਨਾਂ 'ਗੰਗਸਰ ਸਾਹਿਬ' ਪ੍ਰਸਿੱਧ ਹੋ ਗਿਆ। ਜੈਤੋ ਦੇ ਮੋਰਚੇ ਸਮੇਂ ਇਹ ਇਲਾਕਾ ਨਾਭਾ ਰਿਆਸਤ ਵਿੱਚ ਆਉਂਦਾ ਸੀ। ਉਸ ਸਮੇਂ ਨਾਭਾ ਦਾ ਰਾਜਾ ਰਿਪੁਦਮਨ ਸਿੰਘ ਸੀ। ਰਾਜਾ ਰਿਪੁਦਮਨ ਸਿੰਘ 24 ਜਨਵਰੀ 1912 ਨੂੰ 28 ਸਾਲ ਦੀ ਉਮਰ ਵਿੱਚ ਗੱਦੀ 'ਤੇ ਬੈਠਾ ਸੀ। ਰਾਜਾ ਸਾਹਿਬ ਸਿੱਖਾਂ ਵਿੱਚ ਹਰਮਨ ਪਿਆਰੇ ਰਾਜੇ ਸਨ। ਉਹਨਾਂ ਨੇ ਅਕਾਲੀਆਂ ਨੂੰ ਗੁਰਦੁਆਰਾ ਸੁਧਾਰ ਲਹਿਰ ਵਿੱਚ ਹਿੱਸਾ ਲੈਣ ਦੀ ਪੂਰੀ ਖੁੱਲ੍ਹ ਦੇ ਰੱਖੀ ਸੀ। ਨਨਕਾਣਾ ਸਾਹਿਬ ਦੇ ਸ਼ਹੀਦਾਂ ਦਾ ਦਿਹਾੜਾ ਪਹਿਲੀ ਵਾਰੀ ਨਾਭਾ ਰਿਆਸਤ ਵਿੱਚ ਮਨਾਇਆ ਗਿਆ। ਜਿਸਦਾ ਅੰਗਰੇਜ਼ ਹਕੂਮਤ ਨੇ ਬੁਰਾ ਮਨਾਇਆ। ਇਸੇ ਲਈ ਅੰਗਰੇਜ਼ ਨਾਭਾ ਦੇ ਰਾਜਾ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਂਭੇ ਕਰਨਾ ਚਾਹੁੰਦੇ ਸਨ। ਉੱਧਰ ਪਟਿਆਲਾ ਦੇ ਰਾਜਾ ਭੁਪਿੰਦਰ ਸਿੰਘ ਨਾਲ ਰਾਜਾ ਰਿਪੁਦਮਨ ਸਿੰਘ ਦੀ ਬਣਦੀ ਨਹੀਂ ਸੀ, ਇਸੇ ਲਈ ਉਸਨੇ ਰਾਜਾ ਰਿਪਦੁਮਨ ਸਿੰਘ 'ਤੇ ਅੱਠ ਮੁਕੱਦਮੇ ਕੀਤੇ ਹੋਏ ਸਨ। ਅੰਗਰੇਜ਼ ਹਕੂਮਤ ਨੇ ਇਸੇ ਝਗੜੇ ਨੂੰ ਮੁੱਦਾ ਬਣਾ ਕੇ ਆਪਣਾ ਵਾਰ ਕੀਤਾ। ਰਾਜਾ ਰਿਪੁਦਮਨ ਸਿੰਘ ਦੇ ਅਹਿਲਕਾਰਾਂ ਨੂੰ ਖਰੀਦ ਲਿਆ ਤੇ ਰਾਜਾ ਸਾਹਿਬ ਨੂੰ ਕੋਈ ਨਸ਼ੀਲੀ ਚੀਜ਼ ਖੁਆ ਦਿੱਤੀ, ਜਿਸ ਨਾਲ ਰਾਜਾ ਸਾਹਬ ਦਾ ਦਿਮਾਗੀ ਸੰਤੁਲਨ ਵਿਗੜ ਗਿਆ ਤੇ ਹੋਰ ਕਈ ਝੂਠੇ ਇਲਜ਼ਾਮ ਲਗਾ ਕੇ ਰਾਜਾ ਰਿਪਦੁਮਨ ਸਿੰਘ ਨੂੰ ਗੱਦੀ ਤੋਂ ਲਾਹ ਦਿੱਤਾ ਤੇ ਜਲਾਵਤਨ ਕਰ ਦਿੱਤਾ। ਮਾ: ਤਾਰਾ ਸਿੰਘ ਇਹ ਸਾਰੇ ਹਲਾਤ 'ਅਕਾਲੀ ਪ੍ਰਦੇਸੀ' ਵਿੱਚ ਲਿੱਖਦੇ ਹਨ। ਜਿਸ ਨਾਲ ਸਾਰੇ ਪੰਥ ਵਿੱਚ ਜੋਸ਼ ਭਰ ਗਿਆ। ਫਿਰ 5 ਅਗਸਤ 1925 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਮਹਾਰਾਜਾ ਨਾਲ ਹਮਦਰਦੀ ਦਾ ਮਤਾ ਪਾਸ ਕੀਤਾ। 4 ਸਤੰਬਰ 1923 ਨੂੰ ਸ਼੍ਰੋਮਣੀ ਕਮੇਟੀ ਨੇ ਜੈਤੋ ਦੇ ਮੋਰਚੇ ਨੂੰ ਆਪਣੇ ਹੱਥਾਂ ਵਿੱਚ ਲੈ ਲਿਆ। 120 ਸਿੰਘਾਂ ਦਾ ਜਥਾ ਮੁਕਤਸਰ ਦੇ ਰਸਤੇ ਜੈਤੋ ਭੇਜਿਆ। ਮਹਾਰਾਜੇ ਦੀ ਬਹਾਲੀ ਲਈ ਭਾਸ਼ਣ ਦਿੱਤੇ ਗਏ ਤੇ ਸ੍ਰੀ ਅਖੰਡ ਪਾਠ ਸਾਹਿਬ ਰੱਖਿਆ ਗਿਆ। ਉਸੇ ਵੇਲੇ ਸਾਰੇ ਜਥੇ ਨੂੰ ਪੁਲਿਸ ਨੇ ਗ੍ਰਿਫਤਾਰ ਕਰ ਲਿਆ। ਸ੍ਰੀ ਅਖੰਡ ਪਾਠ ਕਰ ਰਹੇ ਪਾਠੀ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ, ਜਿਸ ਨਾਲ ਅਖੰਡ ਪਾਠ ਖੰਡਿਤ ਹੋ ਗਿਆ। 15 ਸਤੰਬਰ ਤੋਂ ਰੋਜ਼ਾਨਾ 25 ਸਿੰਘਾਂ ਦਾ ਜਥਾ ਜੈਤੋ ਪਹੁੰਚਦਾ ਤੇ ਬੇਝਿਜਕ ਗ੍ਰਿਫਤਾਰੀਆਂ ਦਿੰਦਾ। ਕਾਂਗਰਸ ਪਾਰਟੀ ਦੇ ਮੈਂਬਰ ਪੰਡਿਤ ਜਵਾਹਰ ਲਾਲ ਨਹਿਰੂ, ਕੇ. ਸਨਾਤਨਮ ਅਤੇ ਪ੍ਰਿ. ਗਿਡਵਾਨੀ ਵੀ ਜੈਤੋ ਵਿਖੇ ਪਹੁੰਚੇ ਤੇ ਉੱਥੇ ਉਨ੍ਹਾਂ ਨੂੰ ਐਡਮਨਿਸਟ੍ਰੇਟਰ ਵਿਲਸਨ ਜਾਨਸਟਨ ਦੇ ਆਦੇਸ਼ 'ਤੇ ਗ੍ਰਿਫਤਾਰ ਕਰ ਲਿਆ, ਪਰ ਬਾਅਦ ਵਿੱਚ ਰਿਹਾਅ ਕਰ ਦਿੱਤਾ ਗਿਆ। 13 ਅਕਤੂਬਰ 1923 ਨੂੰ 59 ਅਕਾਲੀ ਮੁਖੀਆਂ ਵਿਰੁੱਧ ਕੇਸ ਦਾਇਰ ਕਰਕੇ ਗ੍ਰਿਫਤਾਰ ਕਰ ਲਿਆ। 9 ਫਰਵਰੀ 1924 ਨੂੰ ਸ੍ਰੀ ਅਕਾਲ ਤਖਤ ਸਾਹਬ ਤੋਂ ਸ਼ਹੀਦੀ ਜਥਾ ਖੰਡਿਤ ਹੋਏ ਅਖੰਡ ਪਾਠ ਨੂੰ ਦੁਬਾਰਾ ਜਾਰੀ ਕਰਨ ਲਈ ਜੈਤੋ ਪਹੁੰਚਿਆ। 20 ਫਰਵਰੀ ਨੂੰ ਫਰੀਦਕੋਟ ਵਿੱਚ ਪਿੰਡ ਬਰਗਾੜੀ ਅਸਥਾਨ 'ਤੇ ਡੇਰਾ ਲਾਇਆ ਤੇ 21 ਫਰਵਰੀ ਨੂੰ ਇਸ ਜਥੇ ਨੇ ਜੈਤੋ ਵੱਲ ਚਾਲੇ ਪਾ ਦਿੱਤੇ। ਡਾ: ਕਿਚਲੂ, ਪ੍ਰਿ. ਗਿਡਵਾਨੀ ਤੇ ਨਿਊਯਾਰਕ ਟਾਈਮਜ਼ ਦੇ ਪੱਤਰਕਾਰ ਮਿ. ਜ਼ਿਮੰਦ ਵੀ ਜਥੇ ਦੇ ਨਾਲ ਸਨ। ਜੈਤੋ ਦੀ ਹੱਦ 'ਤੇ ਪਹੁੰਚਣ 'ਤੇ ਇਹਨਾਂ ਨੇਤਾਵਾਂ ਨੂੰ ਰੋਕ ਲਿਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਾਲਕੀ ਸਾਹਿਬ ਦੇ ਅੱਗੇ ਪੰਜ ਸਿੰਘ ਨਿਸ਼ਾਨ ਸਾਹਿਬ ਉਠਾਈ ਜਾ ਰਹੇ ਸਨ। ਗੁਰਦੁਆਰਾ ਗੰਗਸਰ ਸਾਹਿਬ ਜਾਣ ਵਾਲੇ ਰਸਤੇ ਨੂੰ ਕੰਡਿਆਲੀ ਤਾਰ ਨਾਲ ਰੋਕਾਂ ਲਾਈਆਂ ਹੋਈਆਂ ਸਨ। ਉੱਥੇ ਵਿਲਸਟਨ ਜਨਸਟਨ ਐਡਮਨਿਸਟ੍ਰੇਟਰ ਤੇ ਹੋਰ ਫੌਜ ਮੁਖੀ ਮੌਜੂਦ ਸਨ। ਜਿਨ੍ਹਾਂ ਨੇ ਜਥੇ ਨੂੰ ਅੱਗੇ ਜਾਣ ਤੋਂ ਰੋਕਿਆ, ਪਰ ਜਥਾ ਵਾਹਿਗੁਰੂ ਦਾ ਜਾਪ ਕਰਦਾ ਹੋਇਆ ਅੱਗੇ ਵੱਧਦਾ ਜਾ ਰਿਹਾ ਸੀ। ਜਥਾ ਰੁਕਦਾ ਨਾ ਵੇਖ ਕੇ ਵਿਲਸਟਨ ਨੇ ਆਪਣੇ ਸਾਥੀਆਂ ਨੂੰ ਗੋਲੀ ਚਲਾਉਣ ਦਾ ਹੁਕਮ ਦੇ ਦਿੱਤਾ। ਜਥੇ ਉੱਪਰ ਵੇਖਦੇ ਹੀ ਵੇਖਦੇ ਚਾਰ ਚੁਫੇਰੇ ਤੋਂ ਗੋਲੀਬਾਰੀ ਹੋਣ ਲੱਗ ਪਈ, ਪਰ ਜਥਾ ਗੋਲੀਆਂ ਦੀ ਵਾਛੜ ਵਿੱਚ ਵੀ ਅੱਗੇ ਵੱਧਣ ਤੋਂ ਨਾ ਰੁਕਿਆ। ਇਸ ਗੋਲੀਬਾਰੀ ਦੌਰਾਨ ਕੁੱਝ ਫੱਟੜ ਹੋ ਗਏ ਤੇ ਕੁੱਝ ਸ਼ਹੀਦ ਹੋ ਗਏ ਤੇ ਕੁੱਝ ਬਚ ਕੇ ਗੁਰਦੁਆਰਾ ਟਿੱਬੀ ਸਾਹਬ ਪਹੁੰਚ ਗਏ। ਇਹ ਗੁਰਦੁਆਰਾ ਗੰਗਸਰ ਸਾਹਬ ਦੇ ਬਿਲਕੁਲ ਨਜ਼ਦੀਕ ਹੈ। ਬਾਕੀ ਬਚੇ ਹੋਏ ਸਿੰਘਾਂ 'ਤੇ ਅੰਗਰੇਜ਼ ਹਕੂਮਤ ਨੇ ਕਹਿਰ ਢਾਹਿਆ ਤੇ ਬਿਨ੍ਹਾਂ ਮੁਕੱਦਮਾ ਚਲਾਏ ਦੋ-ਦੋ ਮਹੀਨੇ ਕੈਦ ਵਿੱਚ ਰੱਖਿਆ। ਡਾ: ਕਿਚਲੂ ਤੇ ਗਿਡਵਾਨੀ ਨਾਲ ਵੀ ਬਹੁਤ ਬੁਰਾ ਸਲੂਕ ਕੀਤਾ ਗਿਆ ਤੇ ਇਹਨਾਂ ਨੂੰ ਵੀ ਦੋ ਮਹੀਨੇ ਕੈਦ ਵਿੱਚ ਰੱਖਿਆ ਗਿਆ। ਇਨ੍ਹਾਂ ਸ਼ਹੀਦੀਆਂ ਪਿੱਛੋਂ ਪੰਜ-ਪੰਜ ਸੌ ਦੇ ਸ਼ਹੀਦੀ ਜਥੇ ਜੈਤੋ ਪਹੁੰਚੇ। ਅੰਤ ਹਾਰ ਕੇ ਅੰਗਰੇਜ਼ ਹਕੂਮਤ ਨੇ ਸਿੱਖਾਂ ਨੂੰ ਜੈਤੋ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਕਰਨ ਦੀ ਪ੍ਰਵਾਨਗੀ ਦੇ ਦਿੱਤੀ। ਇਸ ਤਰ੍ਹਾਂ ਇਹ ਮੋਰਚਾ ਫਤਿਹ ਹੋਇਆ।

ਕੀ ਭਾਰਤ ਕੋਰੋਨਾਵਾਇਰਸ ਦੀ ਤੀਜੀ ਲਹਿਰ ਲਈ ਤਿਆਰ ਹੈ

ਵਿੱਚ ਜ਼ਿਆਦਾ ਵਾਧਾ ਨਾ ਹੋਵੇ ਕਿਉਂਕਿ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਵਧੇਰੇ ਭਾਰਤੀਆਂ ਵਿੱਚ ਮੌਜੂਦਾ ਦੌਰ ਦੇ ਮੁੱਖ ਡੇਲਟਾ ਵੇਰੀਐਂਟ ਖ਼ਿਲਾਫ਼ ਲੜਨ ਵਾਲੇ ਐਂਟੀਬਾਡੀ ਹਨ ਅਤੇ ਸਾਰੇ ਬਾਲਗ਼ਾਂ ਵਿੱਚੋਂ ਆਂਸ਼ਿਕ ਤੌਰ ਉੱਤੇ ਚੌਥੇ-ਪੰਜਵੇਂ ਨੂੰ ਟੀਕਾ ਲਗਾਇਆ ਗਿਆ ਹੈ।ਪਰ ਖੁਸ਼ ਹੋਣ ਲਈ ਇਹ ਕਾਰਨ ਕਾਫੀ ਨਹੀਂ ਹੈ।ਇਸ ਵੇਲੇ ਕਊ ਭਾਰਤੀ ਸੂਬਿਆਂ ਵਿੱਚ ਡੇਂਗੂ ਦੀ ਕਹਿਰ ਹੈ, ਡੇਂਗੂ ਇੱਕ ਸਥਾਨਕ ਬਿਮਾਰੀ ਹੈ।ਹਾਲ ਦੀਆਂ ਰਿਪੋਰਟਾਂ ਮੁਤਾਬਕ ਇਸ ਗੱਲ ਦਾ ਸਬੂਤ ਹੈ ਕਿ ਸਿਹਤ ਪ੍ਰਣਾਲੀ ਅਜੇ ਵੀ ਉਭਰਦੀ ਅਤੇ ਉਭਰਦੀਆਂ ਬਿਮਾਰੀਆਂ ਦਾ ਪਤਾ ਲਗਾਉਣ ਤੇ ਉਨ੍ਹਾਂ ਨਾਲ ਨਜਿੱਠਣ ਲਈ ਤਿਆਰ ਨਹੀਂ ਹੈ।

ਇਹ ਸਮੱਸਿਆ ਇੱਥੇ ਹੀ ਨਹੀਂ ਰੁਕਦੀ ਹੈ। ਜਦੋਂ 2020 ਦੀ ਸ਼ੁਰੂਆਤ ਵਿੱਚ ਮਹਾਮਾਰੀ ਆਈ ਤਾਂ ਆਸ ਸੀ ਕਿ ਸਖ਼ਤ ਲੌਕਡਾਊਨ ਦੌਰਾਨ ਸਰਕਾਰ ਨੂੰ ਘੱਟ ਸਟਾਫ ਅਤੇ ਘੱਟ ਕੀਮਤ ਵਿੱਚ ਪ੍ਰਣਾਲੀ ਨੂੰ ਪੋਸ਼ਿਤ ਕਰਨ ਦਾ ਮੌਕਾ ਮਿਲੇਗਾ।

ਮੋਹਰੀ ਨੇਤਾਵਾਂ ਅਤੇ ਸੀਨੀਅਰ ਸਿਹਤ ਪ੍ਰਣਾਲੀ ਦੇ ਨੀਤੀ ਘਾੜਿਆਂ ਦਾ ਵਾਰ-ਵਾਰ ਕਹਿਣਾ ਸੀ ਕਿ ਇਹੀ ਲੌਕਡਾਊਨ ਦਾ ਉਦੇਸ਼ ਸੀ।

ਪਰ ਇੱਕ ਸਾਲ ਬਾਅਦ ਦੂਜੀ ਕੋਵਿਡ ਲਹਿਰ ਨੇ ਭਾਰਤ ਨੂੰ ਤਬਾਹ ਕਰ ਦਿੱਤਾ ਕਿਉਂਕਿ ਹਸਪਤਾਲਾਂ ਵਿੱਚ ਬਿਸਤਰੇ, ਦਵਾਈਆਂ ਅਤੇ ਆਕਸੀਜਨ ਦੀ ਘਾਟ ਹੋ ਗਈ ਸੀ।

ਬੀਮਾ ਯੋਜਨਾਵਾਂ ਦੇ ਨਾਲ ਮਾਰਕਿਟ ਵਿੱਚ ਮੈਡੀਕਲ ਬਿੱਲ ਵਧ ਰਹੇ ਸਨ ਅਤੇ ਲੋਕਾਂ ਨੇ ਭੁਗਤਾਨ ਕਰਨ ਲਈ ਪੈਸੇ ਉਧਾਰ ਲਏ ਜਾਂ ਪਰਿਵਾਰਕ ਜਾਇਦਾਦਾਂ ਵੇਚੀਆਂ।

ਇਸ ਦੇ ਤੁਰੰਤ ਬਾਅਦ ਜੁਲਾਈ 2021 ਵਿੱਚ ਸਰਕਾਰ ਨੇ ਸਿਹਤ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਕੋਵਿਡ-19 ਪੈਕੇਜ ਦਾ ਐਲਾਨ ਕੀਤਾ।

ਪਰ ਕੁਝ ਲੋਕਾਂ ਨੇ ਤਰਕ ਦਿੱਤਾ ਕਿ ਇਹ ਵੱਧ ਰੱਖੀ ਗਈ ਰਾਸ਼ੀ ਅਤੇ ਇਸ @ਤੇ ਕਾਰਵਾਈ ਕਰਨ ਦੀ ਕੋਈ ਜ਼ਰੂਰਤ ਨਜ਼ਰ ਨਹੀਂ ਆ ਰਹੀ ਹੈ।2017 ਵਿੱਚ ਐਲਾਨੀ ਗਈ ਭਾਰਤ ਦੀ ਕੌਮੀ ਸਿਹਤ ਨੀਤੀ ਤਹਿਤ 2025 ਤੱਕ ਸਿਹਤ @ਤੇ ਸਰਕਾਰੀ ਖਰਚ ਨੂੰ ਜੀਡੀਪੀ ਦੇ 2.5 ਫੀਸਦ ਤੱਕ ਵਧਾਉਣ ਦਾ ਪ੍ਰਸਤਾਵ ਰੱਖਿਆ ਸੀ।ਪਰ ਖਰਚ ਵਿੱਚ ਕੇਵਲ ਮਾਮੂਲੀ ਵਾਧਾ ਹੀ ਹੋਇਆ ਹੈ, ਪਰ 2022 ਨੂੰ ਖ਼ਤਮ ਹੋਣ ਵਾਲੇ ਮਾਲੀ ਸਾਲ ਵਿੱਚ ਇਹ ਸਿਰਫ਼ ਸਕਲ ਘਰੇਲੂ ਉਤਪਾਦ ਦਾ ਸਿਰਫ਼ 1.3 ਫੀਸਦ ਸੀ ਅਤੇ ਸਪੱਸ਼ਟ ਤੌਰ @ਤੇ ਟੀਚੇ ਤੱਕ ਪਹੁੰਚਣ ਲਈ ਟਰੈਕ @ਤੇ ਨਹੀਂ ਹੈ।ਸਰਕਾਰ ਅਕਸਰ ਦਾਅਵਾ ਕਰਦੀ ਹੈ ਕਿ ਆਯੁਸ਼ਮਾਨ ਭਾਰਤ ਪ੍ਰਧਾਨ ਮੰਤਰੀ ਜਨ ਆਰੋਗਿਆ ਯੋਜਨਾ ਦੁਨੀਆਂ ਦੀ ਵੱਡੀ ਪਬਲਿਕ ਹੈਲਥ ਇੰਸ਼ੋਰੈਂਸ (ਬੀਮਾ) ਯੋਜਨਾ ਹੈ।ਪਰ ਕਈ ਨਿਊਜ਼ ਰਿਪੋਰਟਾਂ ਮੁਤਾਬਕ ਇਹ ਸਕੀਮ ਮੁਸ਼ਕਲ ਨਾਲ ਉਸ ਤਬਕੇ ਹੀ ਲੋੜ ਪੂਰੀ ਕਰਦੀ ਹੈ, ਜਿਨ੍ਹਾਂ ਨੂੰ ਇਸ ਦੀ ਖ਼ਾਸ ਲੋੜ ਹੈ।ਚੁਣੌਤੀ ਤਾਂ ਅੱਗੇ ਜਾ ਹੋਰ ਵੱਡੀ ਹੈ ਅਤੇ ਮਹਾਂਮਾਰੀ ਤੋਂ ਪਾਰ ਹੈ। ਜਦਕਿ ਵਧੇਰੇ ਸਿਹਤ ਪ੍ਰਣਾਲੀ ਕੋਵਿਡ-19 ਨਾਲ ਨਜਿੱਠਣ @ਤੇ ਕੇਂਦ੍ਰਿਤ ਸੀ ਅਤੇ ਹੋਰ ਜ਼ਰੂਰੀ ਸੇਵਾਵਾਂ ਨੂੰ ਨੁਕਸਾਨ ਪਹੁੰਚਿਆ।

GETTY IMAGES

ਇਹ ਇੱਕ ਕਾਰਨ ਹੈ ਕਿ ਕਈ ਭਾਰਤੀ ਸੂਬੇ ਡੇਂਗੂ ਦੇ ਕਹਿਰ ਨਾਲ ਨਜਿੱਠਣ ਲਈ ਸੰਘਰਸ਼ ਕਰ ਰਹੇ ਹਨ।

ਵਿਸ਼ਵ ਸਿਹਤ ਸੰਗਠਨ ਨੇ ਅਕਤੂਬਰ ਵਿੱਚ ਕਿਹਾ ਸੀ ਕਿ ਮਹਾਮਾਰੀ ਨੇ ÷ਟੀਬੀ ਨਾਲ ਨਜਿੱਠਣ ਦੇ ਸਾਲਾਂ ਨੂੰ ਉਲਟਾ÷ ਦਿੱਤਾ ਹੈ ਕਿਉਂਕਿ ਲੋਕ ਇਸ ਦੇ ਇਲਾਜ ਲਈ ਸੰਘਰਸ਼ ਕਰ ਰਹੇ ਸਨ।

ਵਿਸ਼ਵ ਸਿਹਤ ਸੰਗਠਨ ਨੇ ਕਿਹਾ ਕਿ 2019 ਅਤੇ 2020 ਵਿਚਾਲੇ ਬਿਮਾਰੀ ਦੀ ਰਿਪੋਰਟ ਕਰਨ ਵਿੱਚ ਭਾਰਤ ਦੀ ਕੁੱਲ ਵੈਸ਼ਵਿਕ ਗਿਰਾਵਟ ਦਾ 41 ਫੀਸਦ ਹੈ।

ਗੈਰ-ਸੰਚਾਰੀ ਬਿਮਾਰੀਆਂ ਨਾਲ ਪੀੜਤ ਲੋਕਾਂ ਨੂੰ ਲੋੜੀਂਦੀ ਦੇਖਭਾਲ ਲੈਣੀ ਵੀ ਮੁਸ਼ਕਲ ਹੋ ਗਈ ਹੈ।

ਤਾਂ ਭਾਰਤ ਨੂੰ ਅਜਿਹੇ ਵਿੱਚ ਕੀ ਕਰਨਾ ਚਾਹੀਦਾ ਹੈ?

ਪਹਿਲਾ, ਸਰਕਾਰ ਨੂੰ ਆਪਣੀ ਮਹਾਮਾਰੀ ਪ੍ਰਤੀਕਿਰਿਆ ਦਾ ਨਿਰਪੱਖ ਮੁਲੰਕਣ ਕਰਨ ਲਈ ਸੁਤੰਤਰ ਮਾਹਰਾਂ ਨੂੰ ਨਿਯੁਕਤ ਕਰਨਾ ਚਾਹੀਦਾ ਹੈ।

ਦੂਜਾ, ਭਾਰਤ ਨੂੰ ਆਪਣੀ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਮੁੜ ਦ੍ਰਿੜ ਹੋਣ ਦੀ ਲੋੜ ਹੈ। ਜੇ ਇਸ ਮੋਰਚੇ @ਤੇ ਪਿਛਲੇ ਪੰਜਾਂ ਸਾਲਾਂ ਵਿੱਚ ਸੰਘੀ ਅਤੇ ਸੂਬਾ ਸਰਕਾਰਾਂ ਵੱਲੋਂ ਕੀਤੇ ਗਏ ਵਾਅਦਿਆਂ ਨੂੰ ਪੂਰਾ ਕੀਤਾ ਜਾ ਸਕਦਾ ਹੈ ਤਾਂ ਦੇਸ਼ ਸਿਹਤ ਪ੍ਰਣਾਲੀ ਵਿੱਚ ਬਹੁਤ ਮਜ਼ਬੂਤ ਹੋ ਸਕਦਾ ਹੈ।

ਤੀਜਾ, ਗ਼ਲਤ ਸੂਚਨਾਵਾਂ ਤੋਂ ਬਚਣ ਲਈ ਸਾਰੇ ਨੀਤੀ ਘਾੜਿਆਂ ਨੂੰ ਮੈਡੀਕਲ ਮਾਹਰਾਂ ਅਤੇ ਤਕਨੀਕੀ ਮਾਹਰਾਂ ਨੂੰ ਵਿਗਿਆਨ ਸੰਚਾਰ ਵਿੱਚ ਸਿਖਲਾਈ ਦਿੱਤੀ ਜਾਣੀ ਚਾਹੀਦੀ ਹੈ।

ਚੌਥਾ, ਭਾਰਤ ਦੀ ਮਹਾਮਾਰੀ ਦੀ ਪ੍ਰਤੀਕਿਰਿਆ ਨੂੰ ਪ੍ਰਾਥਮਿਕ ਸਿਹਤ ਸੇਵਾਵਾਂ ਵਿੱਚ ਜੋੜਿਆ ਜਾਣਾ ਚਾਹੀਦਾ ਹੈ।

ਪੰਜਵਾਂ, ਭਾਰਤ ਨੂੰ ਮੈਡੀਕਲ ਖੇਤਰ ਵਿੱਚ ਖਾਲੀ ਪਈਆਂ ਸਾਰੀਆਂ ਆਸਾਮੀਆਂ ਨੂੰ ਤੁਰੰਤ ਭਰਨਾ ਚਾਹੀਦਾ ਹੈ ਅਤੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਵਿੱਚ ਬਰਾਬਰ ਵੰਡ ਲਈ ਵਿਸਥਾਰ ਵਿੱਚ ਯੋਜਨਾ ਕਰਨੀ ਚਾਹੀਦੀ ਹੈ। ਜਿਸ ਵਿੱਚ ਘੱਟ ਸੇਵਾ ਵਾਲੇ ਇਲਾਕਿਆਂ ਨੂੰ ਪਹਿਲ ਦਿੱਤੀ ਜਾਵੇ।

ਓਮੀਕਰੋਨ ਦੇ ਆਗਮਨ ਨੂੰ ਦੇਸ਼ ਵਿੱਚ ਮਹਾਮਾਰੀ ਦੀਆਂ ਤਿਆਰੀਆਂ ਨੂੰ ਮੁੜ ਗੌਰ ਨਾਲ ਵੇਖਣ ਦੇ ਮੌਕੇ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਸਾਵਧਾਨੀ

ਪਰ ਇੱਥੇ ਇੱਕ ਸਾਵਧਾਨੀ ਵਰਤਣ ਦੀ ਵੀ ਲੋੜ ਹੈ।ਨਵੇਂ ਵੇਰੀਐਂਟ ਦੇ ਆਉਣ ਨਾਲ ਵੈਕਸੀਨ ਦੇ ਅੰਤਰਾਲ ਦੀ ਡੋਜ਼, ਬੂਸਟਰ ਜਾਂ ਇੱਥੋਂ ਤੱਕ ਤਿ ਸਕੂਲਾਂ ਬਾਰੇ ਕੋਈ ਫ਼ੈਸਲਾ ਲੈਣ ਵਿੱਚ ਜਲਦਬਾਜ਼ੀ ਨਹੀਂ ਕਰਨੀ ਚਾਹੀਦੀ ਜੋ ਹੁਣ ਇੱਕ ਸਾਲ ਤੋਂ ਵੱਧ ਸਮਾਂ ਬੰਦ ਰਹਿਣ ਤੋਂ ਬਾਅਦ ਮੁੜ ਸ਼ੁਰੂ ਹੋ ਗਏ ਹਨ।ਇਨ੍ਹਾਂ ਫ਼ੈਸਲਿਆਂ ਨੂੰ ਵਿਗਿਆਨਕ ਮੁਲੰਕਣ ਨਾਲ ਹੀ ਲਿਆ ਜਾਣਾ ਚਾਹੀਦਾ ਹੈ।ਹੋ ਸਕਦਾ ਹੈ ਕਿ ਭਾਰਤ ਤੀਜੀ ਲਹਿਰ ਦਾ ਸਾਹਮਣਾ ਕਰੇ ਜਾਂ ਨਾ ਕਰੇ ਪਰ ਮਹਾਂਮਾਰੀ ਤੋਂ ਹਰ ਬਿਮਾਰੀਆਂ ਅਤੇ ਪ੍ਰਕੋਪ ਕਾਇਮ ਰਹਿ ਸਕਦੇ ਹਨ, ਜਿਵੇਂ ਕਿ ਇਸ ਤੋਂ ਪਹਿਲਾਂ ਸਨ। ਜੇਕਰ ਕੋਈ ਦੇਸ਼ ਕਿਸੇ ਵੀ ਬਿਮਾਰੀ ਦੇ ਕਹਿਰ ਨੂੰ ਰੋਕਣ ਲਈ ਅਤੇ ਕੰਟ੍ਰੋਲ ਕਰਨ ਲਈ ਤਿਆਰ ਹੈ ਤਾਂ ਉਹ ਮਹਾਮਾਰੀ @ਤੇ ਕਾਬੂ ਪਾਉਣ ਲਈ ਵੀ ਤਿਆਰ ਹੈ।

15 ਭਾਰਤੀ ਸੂਬਿਆਂ ਵਿੱਚ ਡੇਂਗੂ ਦਾ ਕਹਿਰ ਨੂੰ ਕਾਬੂ ਕਰਨ ਦਾ ਸੰਘਰਸ਼ ਇਸ ਗੱਲ ਦਾ ਸਬੂਤ ਹੈ ਕਿ ਭਾਰਤ ਅਜੇ ਤਿਆਰ ਨਹੀਂ ਹੈ। ਹੁਣ ਕਾਰਵਾਈ ਦੀ ਲੋੜ ਹੈ ਅਤੇ ਕੋਈ ਕੇਵਲ ਇਹ ਆਸ ਕਰ ਸਕਦਾ ਹੈ ਕਿ ਕੋਈ ਸੁਣ ਰਿਹਾ ਹੈ।

Josh
India WebTV
The South Asian
INSIDER
Weekly Show
(Opinion,
News Analysis
& Commentary)
Susmita Ghosh
Deputy Managing Editor
www.youtube.com/c/joshindiatv



ਬੇਟੀ ਪੈਦਾ ਕਰਨ ਦਾ ਸੰਤਾਪ ਹੰਢਾਉਂਦੀਆਂ... ਮਾਵਾਂ

ਆਪੇ ਸਾਂਭ ਆਪਣੀ ਨੂੰ.. ਜੇ ਮੁੰਡਾ ਹੁੰਦਾ ਤਾਂ ਅਸੀਂ ਆਪ ਸਾਂਭਦੇ ਤੈਨੂੰ ਹੱਥ ਤੱਕ ਨਾ ਲਗਾਉਣ ਦਿੰਦੇ, ਮਨਹੂਸ ਕਿਤੋਂ ਦੀ... ਹੋਰ ਕੀ ਤੂੰ ਕਿਹੜਾ ਮੁੰਡਾ ਜੰਮਣਾ ਸੀ, ਜਿਹੜਾ ਸਾਡਾ ਨਾਮ ਰੋਸ਼ਨ ਕਰਦਾ। ਔਰਤ ਬੇਟੀ ਹੋਣ ਦਾ ਤੇ ਬੇਟੀ ਨੂੰ ਜਨਮ ਦੇਣ ਦਾ ਸੰਤਾਪ ਕਿਥੋਂ ਤੱਕ ਨਹੀਂ ਹਢਾਉਂਦੀ ? ਇਸੇ ਤਰ੍ਹਾਂ ਇਕ ਪੜ੍ਹੀ ਲਿਖੀ ਔਰਤ ਜੋ ਕਿ ਸਮਾਜ ਵਿਚ ਰੁਤਬਾ ਰੱਖਦੀ ਸੀ।

ਅਸੀਂ ਉਸ ਸੰਸਾਰ ਜਿਸ ਵਿਚ ਰਹਿੰਦੇ ਹਾਂ, ਜੋ ਕੁਦਰਤ ਦੀ ਸਿਰਜੀ ਹੋਈ ਬਹੁਤ ਹੀ ਸੁੰਦਰ ਰਚੀ ਹੋਈ ਰਚਨਾ ਹੈ, ਅਨੇਕਾਂ ਜੀਵ-ਜੰਤੂ ਅਤੇ ਮਨੁੱਖ ਇਸ ਧਰਤੀ ਉਪਰ ਰਹਿੰਦੇ ਹਨ। ਆਪਣੀ ਜੂਨ ਭੋਗਦੇ ਹੋਏ ਇਸ ਤੋਂ ਚਲੇ ਜਾਂਦੇ ਹਾਂ, ਪਰ ਕਈ ਵਾਰ ਮਨੁੱਖ ਆਪਣੇ ਇਸੇ ਮਨੁੱਖੀ ਜੀਵਨ ਵਿਚ ਕੁਝ ਅਜਿਹਾ ਕਰ ਜਾਂਦੇ ਹਨ, ਜਿਹੜਾ ਕਿ ਆਉਣ ਵਾਲੀਆਂ ਪੀੜ੍ਹੀਆਂ ਤੱਕ ਨੂੰ ਸਬਕ ਸਿਖਾ ਜਾਂਦਾ ਹੈ। ਪੁੱਤਰ ਮੋਹ ਸੰਸਾਰ ਦੀਆਂ ਧੀਆਂ ਲਈ ਸਭ ਤੋਂ ਵੱਡੀ ਤ੍ਰਾਸਦੀ ਹੈ। ਮਾਵਾਂ ਪੁੱਤਰਾਂ ਲਈ ਬਹੁਤ ਕੁਝ ਕਰ ਜਾਂਦੀਆਂ ਹਨ। ਬਾਕੀ ਸਾਰੇ ਰਿਸ਼ਤੇ ਨਾਤੇ ਇਕ ਪਾਸੇ ਰੱਖ ਕੇ ਪੁੱਤਰ ਨੂੰ ਇਕ ਪਾਸੇ ਰੱਖ ਲਿਆ ਜਾਂਦਾ ਹੈ। ਕਿਉਂਕਿ ਉਹ ਸੋਚਦੀਆਂ ਹਨ ਕਿ ਪੁੱਤਰ ਹੀ ਉਨ੍ਹਾਂ ਦੇ ਵੰਸ਼ ਨੂੰ ਵਧਾਉਣ ਵਾਲਾ ਹੈ। ਉਨ੍ਹਾਂ ਦਾ ਨਾਂਅ ਪੁੱਤਰ ਨੇ ਹੀ ਰੋਸ਼ਨ ਕਰਨਾ ਹੈ ਅਤੇ ਉਹ ਪੁੱਤਰ ਕਰਕੇ ਹੀ ਇਸ ਜਹਾਨ 'ਤੇ ਜਾਣੇ ਜਾਣਗੇ। ਪੁੱਤਰਾਂ ਦੀ ਪ੍ਰਾਪਤੀ ਲਈ ਸਾਧਾਂ-ਸੰਤਾਂ ਦੇ ਡੇਰਿਆਂ ਦੇ ਚੱਕਰ ਕੱਟਣੇ, ਸੁੱਖਾਂ ਸੁਖਣੀਆਂ ਕਈ ਵਾਰੀ ਤਾਂ ਜਾਨ ਵੀ ਦਾਅ 'ਤੇ ਲਾ ਦਿੰਦੀਆਂ ਹਨ ਤੇ ਕਹਿੰਦੀਆਂ ਹਨ,... ਕਿ ਅਸੀਂ ਤਾਂ 'ਪੁੱਤਰ ਖੂਹ ਵਿਚ ਜਾਲ' ਪਾ ਕੇ ਲਿਆ ਹੈ। ਸਭ ਤੋਂ ਵੱਡਾ ਦੁੱਖ ਤਾਂ ਇਸ ਗੱਲ ਦਾ ਹੈ ਕਿ ਕਈ ਵਾਰ ਤਾਂ ਪੁੱਤਰਾਂ ਦੀ ਪ੍ਰਾਪਤੀ ਲਈ ਪਤਾ ਨੀ ਕਿੰਨੀਆਂ ਕੁ ਬੇਜ਼ੁਬਾਨ ਧੀਆਂ ਦੀਆਂ ਕੁਰਬਾਨੀਆਂ ਦਿੱਤੀਆਂ ਜਾਂਦੀਆਂ ਹਨ। ਇਸ ਦਾ ਸਾਰਾ ਜ਼ਿੰਮਾ ਤਾਂ ਪੰਡਿਤਾਂ, ਮਾਪਿਆਂ, ਢੌਂਗੀ ਬਾਬਿਆਂ ਨੂੰ ਜਾਂਦਾ ਹੈ, ਜੋ ਧੀਆਂ ਦੀ ਕੁਰਬਾਨੀ ਲਈ ਮੋਹਰੀ ਬਣਦੇ ਹਨ, ਕਿਉਂਕਿ ਇਹੀ ਉਹ ਲੋਕ ਹਨ, ਜੋ ਦੱਸਦੇ ਹਨ ਕਿ ਸੱਤਾਂ ਧੀਆਂ... ਪੰਜਾਂ ਧੀਆਂ ਪਿੱਛੋਂ ਹੀ ਪੁੱਤਰ ਦੀ ਪ੍ਰਾਪਤੀ ਹੋਵੇਗੀ। ਪਰ ਇਹ ਅੰਧ ਵਿਸ਼ਵਾਸੀ ਲੋਕ ਇਹ ਕਿਉਂ ਇਹ ਨਹੀਂ ਸਮਝਦੇ...ਕੀ ਜ਼ਰੂਰੀ ਹੈ ਕਿ ਸੱਤਾਂ ਕਤਲਾਂ ਪਿੱਛੋਂ ਪੈਦਾ ਹੋਇਆ ਪੁੱਤਰ ਬਹੁਤ ਹੀ ਜ਼ਿਆਦਾ ਕਿਸਮਤ ਦਾ ਧਨੀ ਹੋਵੇ। ਕਿੰਨੀਆਂ ਬੇਕਸੂਰ ਜਿੰਦੜੀਆਂ ਦੀ ਮੌਤ ਦਾ ਕਾਰਨ ਬਣਨ ਵਾਲਾ ਕਿਵੇਂ ਸੁਖੀ ਰਹਿ ਸਕਦਾ ਹੈ? ਆਧੁਨਿਕ ਉਪਕਰਨ ਅਲਟਰਾ ਸਾਊਂਡ ਮਸ਼ੀਨ, ਚਾਇਨਜ਼ ਚਾਰਟ ਵੀ ਪਿੱਛੇ ਨਹੀਂ ਹਨ। ਇਹ ਵੀ ਖੂਨ ਖਰਾਬੇ ਤੇ ਜ਼ਿੰਦਗੀ ਦੇ ਖਾਤਮੇ ਦਾ ਕਾਰਨ ਬਣਦੇ ਹਨ। ਇਨ੍ਹਾਂ ਦੀ ਪ੍ਰਮਾਣਿਕਤਾ ਉਪਰ ਵੀ ਵਿਸ਼ਵਾਸ ਕਰਨਾ ਬਹੁਤ ਵਾਰ ਮਹਿੰਗਾ ਹੀ ਸਾਬਤ ਹੁੰਦਾ ਹੈ। ਬਹੁਤ ਵਾਰ ਇਨ੍ਹਾਂ ਦੁਆਰਾ ਲਾਏ ਕਿਆਸੇ ਗਲਤ ਹੁੰਦੇ ਹਨ। ਮੁੰਡੇ ਦੀ ਥਾਂ ਕੁੜੀ ਅਤੇ ਕੁੜੀ ਦੀ ਥਾਂ ਮੁੰਡਾ ਵੀ ਦੱਸ ਦਿੰਦੇ ਹਨ। ਕਿਉਂਕਿ ਕਿਸਮਤ... ਕਿਸਮਤ ਹੈ। ਜਿਸ ਜੀਵ ਨੇ ਇਸ ਧਰਤੀ ਦੇ ਰੰਗ ਤਮਾਸ਼ੇ ਮਾਨਣੇ ਹਨ, ਉਹ ਆ ਕੇ ਹੀ ਰਹੇਗਾ ਜਾਂ ਰਹੇਗੀ। ਉਸ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਨਹੀਂ ਰੋਕ ਸਕਦੀ। ਪੁੱਤਰ ਪ੍ਰਾਪਤੀ ਦੇ ਮੋਹ ਵਿਚ ਡੁੱਬੇ ਮਾਪੇ ਪਤਾ ਨਹੀਂ ਕਿਹੋ ਜਿਹੀ ਸੋਚ ਰੱਖਦੇ ਹਨ ਕਿ ਰੱਬ ਦੁਆਰਾ ਬਖਸ਼ਿਸ਼ ਕੀਤੇ ਹੋਏ ਤੋਹਫਿਆਂ ਦੀ ਬੇਕਦਰੀ ਕਰਦੇ ਹਨ। ਕਈ ਮਾਪੇ ਤਾਂ ਧੀਆਂ ਨੂੰ ਕੁੱਖ ਵਿਚ ਹੀ ਕਤਲ ਕਰਵਾ ਦਿੰਦੇ ਹਨ, ਪਰ ਜਦੋਂ ਪਤਾ ਲੱਗਦਾ ਹੈ ਕਿ ਜਿਸ ਨੂੰ ਉਨ੍ਹਾਂ ਨੇ ਖਤਮ ਕਰਵਾ ਦਿੱਤਾ, ਉਹ ਧੀ ਨਹੀਂ, ਬਲਕਿ ਪੁੱਤਰ ਸੀ ਤਾਂ ਪੈਰਾਂ ਥੱਲੋਂ ਜ਼ਮੀਨ ਖਿਸਕਣਾ ਸੁਭਾਵਿਕ ਹੈ ਤੇ ਜ਼ਿੰਦਗੀ ਵਿਚ ਹਮੇਸ਼ਾਂ ਲਈ ਹਨੇਰਾ ਹੀ ਛਾ ਜਾਂਦਾ ਹੈ ਅਤੇ ਪੁੱਤਰ ਵਿਯੋਗ ਦਾ ਦੁੱਖ ਸਾਰੀ ਉਮਰ ਲਈ ਖਹਿੜਾ ਹੀ ਨਹੀਂ ਛੱਡਦਾ ਤੇ ਇਹ ਸਾਰੀ ਉਮਰ ਦਾ ਸੰਤਾਪ ਮਾਪੇ ਹੰਢਾਉਂਦੇ ਹਨ ਕਿ ਉਨ੍ਹਾਂ ਹੱਥੋਂ ਕੀ ਹੋ ਗਿਆ?

ਆਮ ਤੌਰ 'ਤੇ ਧੀਆਂ ਦੇ ਜਨਮ ਤੋਂ ਹੀ ਉਨ੍ਹਾਂ ਨਾਲ ਵਿਤਕਰਾ ਆਰੰਭ ਹੋ ਜਾਂਦਾ ਹੈ ਤੇ ਮਾਂ ਧੀ ਦੇ ਜੰਮਣ ਦਾ ਸੰਤਾਪ ਸਾਰੀ ਉਮਰ ਮਨ ਨਾਲ ਲਾ ਕੇ ਰੱਖਦੀ ਹੈ ਤੇ ਉਹ ਸਮਾਜ ਦੇ ਤਾਹਨੇ ਮਿਹਣਿਆਂ ਦਾ ਸ਼ਿਕਾਰ ਹੁੰਦੀ ਹੈ ਕਿਉਂਕਿ ਉਹ ਸਿਰਫ ਕੁੜੀਆਂ ਨੂੰ ਹੀ ਜਨਮ ਦੇ ਸਕਦੀ ਹੈ.. 'ਬਦਕਿਸਮਤ' ਇਸ ਦੇ ਪੁੱਤਰ ਕਰਮਾਂ ਵਿਚ ਕਿੱਥੇ? ਜਦੋਂ ਕਿ ਪੁੱਤਰ ਨੂੰ ਜਨਮ ਦੇਣਾ ਸਿਰਫ ਔਰਤ 'ਤੇ ਨਿਰਭਰ ਨਹੀਂ ਕਰਦਾ। ਜਿਸ ਔਰਤ ਦੇ ਬੇਟਾ ਨਹੀਂ ਹੁੰਦਾ, ਉਸ ਨੂੰ ਕਈ ਵਾਰ ਸਮਾਜ ਵਿਚ ਰਹਿੰਦੇ ਹੋਏ ਅਜਿਹੀ ਸਥਿਤੀ ਦਾ ਸਾਹਮਣਾ ਕਰਨਾ ਪੈਂਦਾ ਕਿ ਜਿਸ ਦੀ ਉਸ ਦੇ ਫਰਿਸ਼ਤਿਆਂ ਤੱਕ ਨੂੰ ਖ਼ਬਰ ਨਹੀਂ ਹੁੰਦੀ, ਜੋ ਉਸ ਦੀ ਕਲਪਨਾ ਤੋਂ ਵੀ ਬਾਹਰ ਹੋ ਜਾਂਦਾ ਹੈ ਕਿ ਕਦੇ ਅਜਿਹਾ ਵੀ ਹੋ ਸਕਦਾ ਹੈ। ਜੋ ਉਸ ਦੇ ਮਾਣ ਸਨਮਾਨ ਅਤੇ ਆਤਮ ਵਿਸ਼ਵਾਸ ਨੂੰ ਚਕਨਾਚੂਰ ਕਰ ਜਾਵੇ। ਇਸ ਦੇ ਚਲਦੇ ਹੀ ਰਾਜਸਥਾਨ ਦੀ ਇਕ ਰਸਮ ਹੈ ਕਿ ਜਦੋਂ ਵੀ ਉਨ੍ਹਾਂ ਦੇ ਘਰ ਪੁੱਤਰ ਜਨਮ ਲੈਂਦਾ ਹੈ ਤਾਂ ਉਹ ਪ੍ਰੋਗਰਾਮ ਕਰਦੇ ਹਨ ਤਾਂ ਕੂਆਂ ਪੂਜਣਾ (ਖੂਹ ਪੂਜਣਾ) ਦੀ ਇਕ ਰਸਮ ਹੁੰਦੀ ਹੈ। ਇਸ ਵਿਚ ਸ਼ਾਮਲ ਸਾਰੀਆਂ ਔਰਤਾਂ ਜੋ ਪੀਲੇ, ਲਾਲ ਚਟਕ ਰੰਗਾਂ ਦਾ ਗੋਟਾ ਕਿਨਾਰੀ ਲੱਗਾ ਦੁਪੱਟਾ ਲੈਂਦੀਆਂ ਹਨ, ਜਿਸ ਨੂੰ 'ਪੀਲੋ' ਕਿਹਾ ਜਾਂਦਾ ਹੈ। ਮੇਰੀ ਦੋਸਤ ਨੂੰ ਵੀ ਇਕ ਅਜਿਹਾ ਪ੍ਰੋਗਰਾਮ ਅਟੈਂਡ ਕਰਨ ਦਾ ਮੌਕਾ ਮਿਲਿਆ। ਉਸ ਦੇ ਮੁਤਾਬਿਕ ਉਸ ਨੂੰ ਉਨ੍ਹਾਂ ਦੇ ਰੀਤੀ ਰਿਵਾਜ਼ਾਂ ਦਾ ਕੋਈ ਪਤਾ ਨਹੀਂ ਸੀ। ਉਥੇ ਇਨ੍ਹੇ ਸੋਹਣੇ ਸੋਹਣੇ 'ਪੀਲੋ' ਨਾਲ ਦੀਆਂ ਔਰਤਾਂ ਉਪਰ ਲਏ ਦੇਖ ਕੇ ਉਸ ਦਾ ਦਿਲ ਵੀ ਕੀਤਾ ਕਿ ਉਹ ਵੀ ਪੀਲੋ ਹੰਢਾਵੇ, ਜਦ ਉਸ ਨੇ ਆਪਣੀ ਇਹ ਖਵਾਇਸ਼ ਆਪਣੀ ਭੈਣ ਅੱਗੇ ਰੱਖੀ ਕਿ ਮੈਨੂੰ ਵੀ 'ਪੀਲੋ' ਚਾਹੀਦਾ ਹੈ, ਮੈਨੂੰ ਵੀ ਲਿਆ ਕੇ ਦੇਵੀਂ ਜਾਂ ਕਿਸੇ ਤੋਂ ਮੰਗਵਾ ਕੇ ਦੇਵੀਂ.. ਤਾਂ ਜੋ ਉਸ ਦੀ ਭੈਣ ਨੇ ਉਸ ਨੂੰ ਕਿਹਾ ਸੁਣ ਕੇ ਉਸ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ.. ਤੇ ਉਹ ਹੱਕੀ ਬੱਕੀ ਰਹਿ ਗਈ, ਉਸ ਨੂੰ ਦੁਨੀਆਂ ਦਾ ਕੋਈ ਕੋਨਾ ਨਹੀਂ ਮਿਲ ਰਿਹਾ ਸੀ, ਜਿੱਥੇ ਜਾ ਕੇ ਉਹ ਆਪਣੇ ਆਪ ਨੂੰ ਸ਼ਾਂਤ ਕਰਦੀ। ਕਿਉਂਕਿ ਇਸ ਗੱਲ ਨੇ ਉਸ ਦੇ ਮਨ ਵਿਚ ਤਰਥੱਲੀ ਮਚਾ ਦਿੱਤੀ ਸੀ, ਉਸ ਦੀ ਭੈਣ ਨੇ ਕਿਹਾ ਕਿ 'ਤੂੰ ਪਾਗਲ ਹੈ' ਪੀਲੋਂ ਹਰ ਕੋਈ ਨਹੀਂ ਲੈ ਸਕਦਾ। ਇਹ ਸਿਰਫ ਉਹੀ ਲੈ ਸਕਦੀਆਂ ਹਨ, ਜਿੰਨਾਂ ਦੇ ਮੁੰਡੇ ਹੁੰਦੇ ਹਨ। ਤੂੰ ਨਹੀਂ ਲੈ ਸਕਦੀ। ਕਿਉਂਕਿ ਮੇਰੀ ਦੋਸਤ ਦੇ ਸਿਰਫ ਇਕ ਬੇਟੀ ਸੀ, ਉਸ ਨੂੰ ਇਕ ਬੇਟੀ ਦੀ ਮਾਂ ਹੋਣ 'ਤੇ ਬਹੁਤ ਮਾਣ ਸੀ, ਪਰ ਉਸ ਦੀ ਭੈਣ ਨੇ ਹੀ ਉਸ ਦੇ ਆਤਮ ਵਿਸ਼ਵਾਸ ਦੇ ਪਰਖਚੇ ਉਡਾ ਕੇ ਰੱਖ ਦਿੱਤੇ। ਇਸ ਤਰ੍ਹਾਂ ਹੀ ਇਕ ਹੋਰ ਘਟਨਾ ਘਟੀ, ਜੋ ਮੇਰੇ ਮਨ ਦੇ ਆਰ ਪਾਰ ਹੋ ਗਈ। ਜਿਸ ਦਾ ਜ਼ਿਕਰ ਇਸ ਪ੍ਰਕਾਰ ਹੈ ਕਿ ਬੱਚੇ ਦੇ ਜਨਮ ਤੋਂ ਬਾਅਦ ਮਾਂ ਬੱਚੇ ਦੇ ਲਈ ਕੱਪੜੇ ਅਤੇ ਗਹਿਣੇ ਲੈ ਕੇ ਜਾਂਦੇ ਹਨ ਤੇ ਨਾਲ ਹੀ ਮਾਂ ਬੱਚਾ ਸਿਹਤਮੰਦ ਰਹੇ, ਜੜੀਆਂ ਬੂਟੀਆਂ ਤੋਂ ਤਿਆਰ ਕੀਤੀ ਪੰਜੀਰੀ ਲੈ ਕੇ ਜਾਂਦੇ ਹਨ.. ਪਰ ਇਹ ਮਾਂ ਜਿਸ ਨੇ ਆਪਣੀ ਪਹਿਲੀ ਔਲਾਦ ਬੇਟੀ ਨੂੰ ਜਨਮ ਦਿੱਤਾ, ਉਹ ਇਸ ਚੀਜ਼ ਤੋਂ ਵੀ ਸੱਖਣੀ ਰਹੀ, ਉਸ ਨੂੰ ਕਿਸੇ ਨੇ ਵੀ ਪੰਜੀਰੀ ਨਾ ਬਣਾ ਕੇ ਦਿੱਤੀ। ਜਦੋਂ ਉਸ ਨੇ ਆਪਣੇ ਪਤੀ ਨਾਲ ਇਹ ਗੱਲ ਸਾਂਝੀ ਕੀਤੀ ਕਿ ਤੁਹਾਡੀ ਭਾਬੀ ਲਈ ਵੀ ਇਹ ਬਣਾਈ ਗਈ ਤੁਹਾਡੇ ਘਰ, ਤੁਹਾਡੀ ਭੈਣ ਲਈ ਵੀ ਇਹ ਬਣਾਈ ਗਈ.. ਮੈਂ ਹੀ ਕਿਉਂ ਰਹਿ ਗਈ। ਇਸ ਤੋਂ ਬਿਨ੍ਹਾਂ... ਮੇਰੇ ਲਈ ਕਿਉਂ ਨਹੀਂ ਬਣਾਈ ਗਈ?

ਇਸ 'ਤੇ ਉਸ ਦੇ ਪੜੇ ਲਿਖੇ ਪਤੀ ਦਾ ਜਵਾਬ ਸੀ...ਕਿ "ਤੂੰ ਕਿਹੜਾ ਮੁੰਡਾ ਜੰਮਿਆ" ਜਿਹੜੀਆਂ ਮੁੰਡੇ ਜੰਮਦੀਆਂ ਉਨ੍ਹਾਂ ਦੇ ਸ਼ਗਨ ਵਿਹਾਰ ਹੁੰਦੇ ਹਨ। ਪੰਜੀਰੀਆਂ ਉਨ੍ਹਾਂ ਨੂੰ ਦਿੱਤੀਆਂ ਜਾਂਦੀਆਂ ਹਨ। ਤੇਰੇ ਵਰਗੀਆਂ ਨੂੰ ਨਹੀਂ ਜੋ ਧੀਆਂ ਨੂੰ ਜਨਮ ਦਿੰਦੀਆਂ ਹਨ। ਹੈਰਾਨੀ ਹੁੰਦੀ ਹੈ, ਅਜਿਹੀ ਸੋਚ ਰੱਖਣ ਵਾਲੇ ਮਰਦਾਂ 'ਤੇ... ਧਿਰਕਾਰ ਹੈ ਉਨ੍ਹਾਂ 'ਤੇ.. ਜਿਹੜੇ ਆਪਣੇ ਹੀ ਜਿਗਰ ਦਾ ਟੋਟਾ ਆਪਣੀ ਧੀ ਨੂੰ ਪੁੱਤਰਾਂ ਦੀ ਤੱਕੜੀ ਵਿਚ ਤੋਲਦੇ ਹਨ। ਇਸ ਤਰ੍ਹਾਂ ਹੀ ਇਕ ਲੜਕੀ ਨੇ ਬੜੀ ਜੱਦੋ ਜਹਿਦ ਤੋਂ ਬਾਅਦ ਇਕ ਬੇਟੀ ਨੂੰ ਜਨਮ ਦਿੱਤਾ। ਬੇਟੀ ਦੇ ਜਨਮ ਦੀ ਖਬਰ ਉਸ ਦੇ ਪਤੀ ਅਤੇ ਸਹੁਰਾ ਪਰਿਵਾਰ ਨੂੰ ਦਿੱਤੀ ਗਈ, ਪਰ ਲੜਕੇ ਦੀ ਮਾਂ ਨਾ ਤਾਂ ਆਪ ਆਈ ਤੇ ਨਾ ਹੀ ਆਪਣੇ ਪੁੱਤਰ ਨੂੰ ਆਉਣ ਦਿੱਤਾ। ਹਸਪਤਾਲ ਵਿਚ ਪਈ ਲੜਕੀ ਆਪਣੇ ਪਤੀ ਨੂੰ ਤੇ ਸਹੁਰਾ ਪਰਿਵਾਰ ਨੂੰ ਉਡੀਕ ਰਹੀ ਸੀ ਤਾਂ ਜੋ ਆਪਣੀ ਪੀੜ ਉਨ੍ਹਾਂ ਨੂੰ ਦੱਸ ਸਕੇ। ਸੱਸ ਨੇ ਕਿਹਾ ਕਿ ਪੁੱਤਰ ਤਾਂ ਡਿਊਟੀ ਗਿਆ ਜਦੋਂ ਆਇਆ ਆ ਜਾਵਾਂਗੇ। ਲੜਕੀ ਨੂੰ ਪਤਾ ਸੀ ਕਿ ਛੁੱਟੀ ਹੋਣ ਕਰਕੇ ਸਾਰੇ ਸਰਕਾਰੀ ਦਫਤਰ ਬੰਦ ਹੁੰਦੇ ਹਨ, ਪਰ ਉਹ ਕਰ ਵੀ ਕੀ ਸਕਦੀ ਹੈ? ਫਿਰ ਪਤਾ ਲੱਗਾ ਕਿ ਉਸ ਦੇ ਸਹੁਰੇ ਘਰ ਤਾਂ ਉਸ ਦਿਨ ਰੋਟੀ ਵੀ ਨਹੀਂ ਪੱਕੀ ਸੀ ਕਿ ਮੁੰਡੇ ਦੇ ਨਿੱਕੇ ਜਿਹੇ ਮੂੰਹ 'ਤੇ ਕੁੜੀ ਨਾਮੀ ਪੱਥਰ ਆ ਡਿੱਗਿਆ। ਇਸ ਤਰ੍ਹਾਂ ਦੀ ਸੋਚ ਰੱਖਦਿਆਂ ਉਸ ਬੇਟੀ ਦੇ ਜਨਮ ਤੇ ਦਾਦਕਿਆਂ ਵਲੋਂ ਕੋਈ ਵੀ ਸ਼ਗਨ ਵਿਹਾਰ ਨਹੀਂ ਕੀਤਾ ਗਿਆ ਤੇ ਨਾ ਹੀ ਨਵੀਂ ਜਨਮੀ ਬੇਟੀ ਨੂੰ ਕੋਈ ਦੇਖਣ ਹੀ ਆਇਆ, ਜਦੋਂ ਉਹ ਲੜਕੀ 3-4 ਮਹੀਨੇ ਬਾਅਦ ਆਪਣੀ ਨਵੀਂ ਜਨਮੀ ਬੇਟੀ ਨੂੰ ਲੈ ਕੇ ਸਹੁਰੇ ਘਰ ਗਈ ਤਾਂ ਅੱਗੋਂ ਸੱਸ ਕਹਿੰਦੀ ਕੁੜੀ ਨੂੰ ਜਨਮ ਦਿੱਤਾ, ਆਪੇ ਸਾਂਭ ਆਪਣੀ ਨੂੰ.. ਜੇ ਮੁੰਡਾ ਹੁੰਦਾ ਤਾਂ ਅਸੀਂ ਆਪ ਸਾਂਭਦੇ ਤੈਨੂੰ ਹੱਥ ਤੱਕ ਨਾ ਲਗਾਉਣ ਦਿੰਦੇ, ਮਨਹੂਸ ਕਿਤੋਂ ਦੀ... ਹੋਰ ਕੀ ਤੂੰ ਕਿਹੜਾ ਮੁੰਡਾ ਜੰਮਣਾ ਸੀ, ਜਿਹੜਾ ਸਾਡਾ ਨਾਮ ਰੋਸ਼ਨ ਕਰਦਾ। ਔਰਤ ਬੇਟੀ ਹੋਣ ਦਾ ਤੇ ਬੇਟੀ ਨੂੰ ਜਨਮ ਦੇਣ ਦਾ ਸੰਤਾਪ ਕਿਥੋਂ ਤੱਕ ਨਹੀਂ ਹਢਾਉਂਦੀ? ਇਸੇ ਤਰ੍ਹਾਂ ਇਕ ਪੜ੍ਹੀ ਲਿਖੀ ਔਰਤ ਜੋ ਕਿ ਸਮਾਜ ਵਿਚ ਰੁਤਬਾ ਰੱਖਦੀ ਸੀ। ਉਸ ਨੇ ਇਕ ਖ਼ੂਬਸੂਰਤ ਬੇਟੀ ਨੂੰ ਜਨਮ ਦਿੱਤਾ.. ਜਦੋਂ ਬੇਟੀ ਹੋਣ ਦਾ ਪਤਾ ਉਸ ਦੇ ਸਹੁਰੇ ਪਰਿਵਾਰ ਨੂੰ ਲੱਗਾ ਤਾਂ ਘਰ ਵਿਚ ਮਾਤਮ ਜਿਹਾ ਛਾ ਗਿਆ। ਕੋਈ ਕਿਸੇ ਨਾਲ ਗੱਲ ਨਹੀਂ ਕਰ ਰਿਹਾ ਸੀ ਤਾਂ ਉਸ ਔਰਤ ਨੇ ਆਪਣੀ ਬੇਟੀ ਲਈ ਆਪਣੀ ਸੱਸ ਤੇ ਪਤੀ ਤੋਂ ਜ਼ਰੂਰਤ ਦੀਆਂ ਚੀਜ਼ਾਂ ਦੀ ਮੰਗ ਕੀਤੀ ਤਾਂ ਅੱਗੋਂ ਸੱਸ ਨੇ ਕਿਹਾ ਕਿ 'ਸਾਡੇ ਤਾਂ ਕੁੜੀਆਂ ਨੂੰ ਬੋਰੀ 'ਤੇ ਪਾਉਣ ਦਾ ਰਿਵਾਜ ਹੈ, ਚੱਕ ਬੋਰੀ ਤੇ ਪਾ ਦੇ ਇਸ ਨੂੰ...ਹੋਰ ਕੀ ਸੱਤ ਰੰਗਾਂ ਪਲੰਘ ਚਾਹੀਦਾ ਇਸ ਵਾਸਤੇ, ਬਹੁਤ ਮਾਯੂਸ ਹੋਈ... ਉਹ ਔਰਤ ਨੇ ਸਾਰਾ ਕੁਝ ਆਪਣੇ ਅੰਦਰ ਹੀ ਸਮੇਟ ਲਿਆ ਤੇ ਇਸ ਤੂਫਾਨ ਨੂੰ ਆਪਣੇ ਅੰਦਰ 22 ਸਾਲ ਸਮੇਟ ਕੇ ਰੱਖਿਆ, ਆਪਣੀ ਬੇਟੀ ਦੀ ਬਹੁਤ ਚੰਗੀ ਪਰਵਰਿਸ਼ ਕੀਤੀ ਅਤੇ ਉਹ ਬੱਚੀ ਬਹੁਤ ਹੀ ਖੂਬਸੂਰਤ, ਸੂਝਵਾਨ ਐਮ.ਬੀ.ਬੀ.ਐਸ. ਡਾਕਟਰ ਬਣੀ, ਫਿਰ ਉਸ ਲੜਕੀ ਦੇ ਨਾਨਾ ਜੀ ਉਸ ਲੜਕੀ ਨੂੰ ਨਾਲ ਲੈ ਕੇ ਉਸ ਦੀ ਦਾਦੀ ਕੋਲ ਦਾਦਕੇ ਪਿੰਡ ਤੋਂ ਲੈ ਆਏ। ਉਹੀ ਦਾਦੀ ਨੇ ਤੇਲ ਚੋਇਆ ਤੇ ਚੁੰਮ ਚੁੰਮ ਕੇ ਉਸੇ ਬਦਨਸੀਬ ਜੋ ਕਿ ਹੁਣ ਡਾਕਟਰ ਬਣ ਚੁੱਕੀ ਸੀ, ਲੜਕੀ ਨੂੰ ਆਪਣੇ ਕਾਲਜੇ ਨਾਲ ਲਾ ਰਹੀ ਸੀ, ਫਿਰ ਲਾਹਨਤ ਹੈ ਅਜਿਹੀ ਮਾਨਸਿਕਤਾ ਰੱਖਣ ਵਾਲਿਆਂ 'ਤੇ.. ਇਹ ਆਮ ਤੌਰ 'ਤੇ ਹੀ ਦੇਖਿਆ ਜਾਂਦਾ ਹੈ ਕਿ ਪੁੱਤਰ ਜੰਮਣ 'ਤੇ ਲੱਡੂ ਵੰਡੇ ਜਾਂਦੇ ਹਨ ਤੇ ਧੀ ਜੰਮਣ 'ਤੇ ਅੱਥਰੂ ਵੰਡੇ ਜਾਂਦੇ ਹਨ, ਧੀ ਨੂੰ ਹਮੇਸ਼ਾਂ ਪਰਾਇਆ ਧੰਨ ਹੀ ਸਮਝਿਆ ਜਾਂਦਾ ਹੈ ਤੇ ਕਈ ਵਾਰ ਉਨ੍ਹਾਂ ਦੇ ਮਾਣ ਸਨਮਾਨ ਵੀ ਸੱਟ ਲੱਗ ਹੀ ਜਾਂਦੀ ਹੈ। ਮਾਂ ਦੇ ਅੰਦਰ ਬੇਟੀ ਨੂੰ ਜਨਮ ਦੇਣ ਦਾ ਇੰਨ੍ਹਾ ਦੁੱਖ ਨਹੀਂ ਹੁੰਦਾ, ਜਿੰਨਾਂ ਉਹ ਸਮਾਜ ਦੇ ਹੱਥੋਂ ਡਰਦੀ ਹੈ ਕਿ ਜਿੰਨਾ ਦੁੱਖ ਉਸ ਨੇ ਪਾਇਆ ਕਿਤੇ ਉਸ ਮਾਸੂਮ ਨੂੰ ਵੀ ਇਹ ਦੁੱਖ ਭੁਗਤਣਾ ਨਾ ਪਵੇ। ਉਹ ਆਪਣੀ ਬਾਲੜੀ ਨੂੰ ਦੁਨੀਆਂ ਦੇ ਕਟਹਿਰੇ ਵਿਚ ਨਹੀਂ ਖੜ੍ਹੇ ਦੇਖਣਾ ਚਾਹੁੰਦੀ। ਉਹ ਹਮੇਸ਼ਾਂ ਹੀ ਡਰਦੀ ਹੈ... ਤਾਂ ਸਿਰਫ ਇਸੇ ਗੱਲ ਤੋਂ ਕਿ ਕਿਤੇ ਬੇ-ਮੌਸਮਾ ਝੱਖੜ ਉਸ ਦੀ ਫੁੱਲਾਂ ਜਿਹੀ ਨਾਜ਼ੁਕ ਬੇਟੀ ਦੇ ਖਿੜਨ ਤੋਂ ਪਹਿਲਾਂ ਹੀ ਉਸ ਨੂੰ ਕਿਤੇ ਖਾਮੋਸ਼ ਨਾ ਕਰ ਜਾਵੇ। ਮਾਂ ਦੇ ਢਿੱਡ ਦੀ ਆਂਦਰ ਹੁੰਦੀ ਹੈ ਬੇਟੀ, ਮਾਂ ਦੇ ਸੀਨੇ ਦੀ ਨਿਘਾਸ ਹੁੰਦੀ ਹੈ ਬੇਟੀ, ਮਾਂ ਦੀਆਂ ਅੱਖਾਂ ਦਾ ਨੂਰ ਹੁੰਦੀ ਹੈ ਬੇਟੀ, ਬੇਹਤਾਸ਼ਾ ਮੁਹੱਬਤ ਹੁੰਦੀ ਹੈ ਮਾਂ ਦੀ ਆਪਣੀ ਬੇਟੀ ਲਈ, ਪਰ ਸਮਾਜ ਉਸ ਨੂੰ ਇਹ ਸਭ ਕੁਝ ਕਰਨ ਤੋਂ ਰੋਕਦਾ ਹੈ। ਸਮਾਜ ਦੇ ਲਈ ਪੱਥਰ ਹੁੰਦੀ ਹੈ ਬੇਟੀ ਤੇ ਘੋਰ ਅਪਮਾਨ ਤੇ ਚਿੰਤਾ ਦਾ ਘਰ ਹੁੰਦੀ ਹੈ ਬੇਟੀ, ਹਰ ਸਮੇਂ ਡਰ ਦਾ ਕਾਰਨ ਹੁੰਦੀ ਹੈ ਬੇਟੀ, ਪਰ ਜੇਕਰ ਮਾਂ ਆਪਣੇ ਆਪਣੇ ਆਪ ਨੂੰ ਮਜ਼ਬੂਤ ਕਰ ਲਵੇ ਤਾਂ ਬੇਟੀ ਰਾਣੀ ਲਕਸ਼ਮੀ ਬਾਈ ਹੁੰਦੀ ਹੈ, ਬੇਟੀ ਕਲਪਨਾ ਚਾਵਲਾ ਹੁੰਦੀ ਹੈ, ਪੀ.ਟੀ. ਊਸ਼ਾ ਹੁੰਦੀ ਹੈ ਬੇਟੀ, ਸਾਨੀਆਂ ਮਿਰਜ਼ਾ ਹੁੰਦੀ ਹੈ ਬੇਟੀ.........

ਧਰਤੀ ਹੇਠਲੇ ਪਾਣੀ ਬਾਬਤ ਧਿਆਨ ਮੰਗਦੇ ਪਹਿਲੂ

ਸੈਂਟਰਲ ਗਰਾਊਂਡ ਵਾਟਰ ਬੋਰਡ ਐਂਡ ਦਿ ਸਟੇਟ'ਜ਼ ਵਾਟਰ ਰਿਸੋਰਸਜ਼ ਐਂਡ ਇਨਵਾਇਰਨਮੈਂਟ ਡੈਰੇਕਟੋਰੇਟ ਦੀ ਰਿਪੋਰਟ 'ਗਰਾਊਂਡ ਵਾਟਰ ਰਿਸੋਰਸਜ਼ ਆਫ਼ ਪੰਜਾਬ' ਵਿਚ ਖੁਲਾਸਾ ਕੀਤਾ ਗਿਆ ਹੈ ਕਿ ਹਰ ਸਾਲ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ 0.37 ਮੀਟਰ ਥੱਲੇ ਜਾ ਰਿਹਾ ਹੈ। ਪਿਛਲੇ 6 ਸਾਲਾਂ ਵਿਚ ਧਰਤੀ ਹੇਠਲੇ ਪਾਣੀ ਦੀ ਲੋੜੋਂ ਵੱਧ ਵਰਤੋਂ 16 ਫ਼ੀਸਦ ਵਧੀ ਹੈ।2013 ਵਿਚ ਧਰਤੀ ਹੇਠਾਂ ਗੀਚਾਰਜ ਹੋਏ ਪਾਣੀ ਨਾਲੋਂ ਉਸ ਦਾ ਨਿਕਾਲ 149 ਫ਼ੀਸਦ ਸੀ ਜਿਹੜਾ ਹੁਣ 165 ਫ਼ੀਸਦ ਹੋ ਗਿਆ ਹੈ। ਨਤੀਜੇ ਵਜੋਂ ਪੰਜਾਬ ਦੇ ਤਿੰਨ-ਚੌਥਾਈ ਤੋਂ ਵੱਧ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਥੱਲੇ ਨੂੰ ਜਾ ਰਿਹਾ ਹੈ।1984 ਦੇ ਮੁਕਾਬਲੇ 2016 ਦੌਰਾਨ ਪੰਜਾਬ ਦੇ ਕੁੱਲ ਰਕਬੇ ਵਿਚੋ 85 ਫ਼ੀਸਦ ਰਕਬੇ ਵਿਚ ਧਰਤੀ ਹੇਠਲੇ ਪਾਣੀ ਦਾ ਪੱਧਰ ਥੱਲੇ ਗਿਆ ਹੈ। ਸਭ ਤੋਂ ਵੱਧ ਪ੍ਰਭਾਵਿਤ ਜ਼ਿਲ੍ਹੇ ਬਰਨਾਲਾ, ਬਠਿੰਡਾ, ਫਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਮੋਗਾ, ਮੁਹਾਲੀ, ਪਠਾਨਕੋਟ, ਪਟਿਆਲਾ ਤੇ ਸੰਗਰੂਰ ਹਨ ਜਿੱਥੇ ਹਰ ਸਾਲ ਧਰਤੀ ਹੇਠਲਾ ਪਾਣੀ 0.49 ਮੀਟਰ ਦੇ ਕਰੀਬ ਥੱਲੇ ਗਿਆ ਹੈ।ਪੰਜਾਬ ਵਿਚ 60 ਮੀਟਰ ਦੀ ਡੂੰਘਾਈ ਤੱਕ 50-60 ਫ਼ੀਸਦ ਪਾਣੀ ਤਾਜ਼ਾ ਅਤੇ ਸਿੰਜਾਈ ਲਈ ਠੀਕ ਹੈ, 20-30 ਫ਼ੀਸਦ ਪਾਣੀ ਖਾਰਾ ਅਤੇ ਸਿੰਜਾਈ ਲਈ ਹਾਸ਼ੀਏ ਵਾਲੇ ਮਿਆਰ ਦਾ ਹੈ, ਜਦੋਂ ਕਿ 15-25 ਫ਼ੀਸਦ ਦੇ ਕਰੀਬ ਪਾਣੀ ਖਾਰਾ ਤੇ ਸਿੰਜਾਈ ਦੇ ਯੋਗ ਨਹੀਂ ਹੈ।ਪੰਜਾਬ ਵਿਚ ਧਰਤੀ ਹੇਠਲਾ ਪਾਣੀ ਥੱਲੇ ਜਾਣ ਦੇ ਕਈ ਕਾਰਨ ਹਨ। ਇਨ੍ਹਾਂ ਵਿਚੋਂ ਸਭ ਤੋਂ ਮਹੱਤਵਪੂਰਨ ਪਾਣੀ ਦੀ ਖੇਤੀਬਾੜੀ ਲਈ ਸਿੰਜਾਈ ਹੈ। ਧਰਤੀ ਹੇਠਲੇ ਪਾਣੀ ਦੇ ਥੱਲੇ ਵੱਲ ਜਾਣ ਵਾਲੇ ਉਹ ਵਿਕਾਸ ਖੰਡ ਹਨ ਜਿਨ੍ਹਾਂ ਵਿਚ ਫ਼ਸਲਾਂ ਪੈਦਾ ਕਰਨ ਲਈ ਸਿੰਜਾਈ ਵਾਲੇ ਪਾਣੀ ਦੀ ਉਪਲਬਧ ਮਾਤਰਾ ਦੇ ਮੁਕਾਬਲੇ ਕਿਤੇ ਵੱਧ ਵਰਤੋਂ ਹੋ ਰਹੀ ਹੈ। ਫ਼ਸਲਾਂ ਦੇ ਜੋੜ ਅਤੇ ਧਰਤੀ ਹੇਠਲੇ ਪਾਣੀ ਦੇ ਸੰਤੁਲਨ ਵਿਚ ਗੂੜ੍ਹਾ ਸਹਿ-ਸਬੰਧ ਹੈ; ਮਸਲਨ, ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੀ ਬਹੁਤ ਹੀ ਕਮੀ ਵਾਲੇ ਵਿਕਾਸ ਖੰਡਾਂ ਵਿਚ ਕਣਕ ਤੇ ਝੋਨਾ ਬੀਜਿਆ ਜਾਂਦਾ ਹੈ। ਇਹ ਦੋ ਫ਼ਸਲਾਂ ਕੁੱਲ ਬੀਜੇ ਗਏ ਰਕਬੇ ਦਾ ਤਿੰਨ-ਚੌਥਾਈ ਤੋਂ ਵੀ ਜ਼ਿਆਦਾ ਹਿੱਸਾ ਹਨ।ਪੰਜਾਬ ਵਿਚ ਸਿੰਜਾਈ ਦੇ ਸਾਧਨਾਂ ਵਿਚ ਵਾਧਾ ਹੋਣ ਨਾਲ ਫ਼ਸਲਾਂ ਥੱਲੇ ਆਉਣ ਵਾਲੇ ਰਕਬੇ ਦਾ ਵਧਣਾ ਵੀ ਧਰਤੀ ਹੇਠਲੇ ਪਾਣੀ ਦੇ ਥੱਲੇ ਨੂੰ ਜਾਣ ਦਾ ਮਹੱਤਵਪੂਰਨ ਕਾਰਨ ਹੈ। ਅਨੁਮਾਨਾਂ ਤੋਂ ਪਤਾ ਲੱਗਦਾ ਹੈ ਕਿ ਜਿਨ੍ਹਾਂ ਵਿਕਾਸ ਖੰਡਾਂ ਵਿਚ ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਥੱਲੇ ਜਾ ਰਿਹਾ ਹੈ, ਉਨ੍ਹਾਂ ਵਿਚ ਸੂਬੇ ਦੀ ਔਸਤਨ ਫ਼ਸਲੀ ਘਣਤਾ ਨਾਲੋਂ ਵਧੇਰੇ ਫ਼ਸਲੀ ਘਣਤਾ ਹੈ। ਧਰਤੀ ਹੇਠਲੇ ਪਾਣੀ ਦੇ ਤੇਜ਼ੀ ਨਾਲ ਥੱਲੇ ਜਾਣ ਦੇ ਮਾਮਲੇ ਵਿਚ ਝੋਨੇ ਦੀ ਬਿਜਾਈ ਹੇਠ ਆਇਆ ਰਕਬਾ ਮਹੱਤਤਾ ਰੱਖਦਾ ਹੈ। ਝੋਨੇ ਦੀਆਂ ਵਧੇਰੇ ਝਾੜ ਦੇਣ ਵਾਲੀਆਂ ਕਿਸਮਾਂ ਲਈ ਸਿੰਜਾਈ ਦੀ ਲੋੜ ਕਣਕ, ਨਰਮਾ, ਮੱਕੀ ਅਤੇ ਹੋਰ ਬਹੁਤ ਸਾਰੀਆਂ ਫ਼ਸਲਾਂ ਦੀ ਤੁਲਨਾ ਵਿਚ ਬਹੁਤ ਜ਼ਿਆਦਾ ਹੈ। 1973 ਤੋਂ ਪਿੱਛੋਂ, ਵਿਸ਼ੇਸ਼ ਕਰਕੇ ਪਰੰਪਰਾਗਤ ਤੌਰ ਉੱਤੇ ਗ਼ੈਰ-ਝੋਨਾ ਖੇਤਰਾਂ ਅਤੇ ਬਹੁਤ ਘੱਟ ਮੀਂਹ ਪੈਣ ਵਾਲੇ ਵਿਕਾਸ ਖੰਡਾਂ/ਇਲਾਕਿਆਂ ਵਿਚ ਝੋਨੇ ਦੀ ਲੁਆਈ ਵਿਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ ਹੈ। ਤਕਰੀਬਨ ਉਹ ਸਾਰੇ ਵਿਕਾਸ ਖੰਡ/ਇਲਾਕੇ ਜਿਨ੍ਹਾਂ ਵਿਚ ਕੁੱਲ ਬੀਜੇ ਜਾਣ ਵਾਲੇ ਰਕਬੇ ਵਿਚੋਂ ਵਧੇਰੇ ਥਾਂ ਝੋਨੇ ਦੀ ਲਵਾਈ ਨੂੰ ਦਿੱਤੀ ਜਾਂਦੀ ਹੈ, ਉਹ ਵਿਕਾਸ ਖੰਡ/ਇਲਾਕੇ ਹਨ, ਜਿਨ੍ਹਾਂ ਵਿਚ ਧਰਤੀ ਹੇਠਲੇ ਪਾਣੀ ਦਾ ਨਕਾਰਾਤਮਿਕ ਸੰਤੁਲਨ ਹੈ। ਕੇਂਦਰ ਸਰਕਾਰ ਦੁਆਰਾ ਪੰਜਾਬ ਵਿਚ 'ਖੇਤੀਬਾੜੀ ਦੀ ਨਵੀਂ ਜੁਗਤ' ਦੀ ਕਾਮਯਾਬੀ ਦੇ ਨਤੀਜੇ ਵਜੋਂ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿਚ ਹੋਏ ਅਥਾਹ ਵਾਧੇ ਨੂੰ ਧਿਆਨ ਵਿਚ ਰੱਖਦੇ ਹੋਏ ਕੇਂਦਰੀ ਅਨਾਜ ਭੰਡਾਰ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਸਾਉਣੀ ਦੀਆਂ ਹੋਰ ਜਿਣਸਾਂ ਦੇ ਮੁਕਾਬਲੇ ਝੋਨੇ ਦੀ ਮੁਕਾਬਲਤਨ ਜ਼ਿਆਦਾ ਘੱਟੋ-ਘੱਟ ਸਮਰਥਨ ਕੀਮਤ ਮਿਥਣ ਅਤੇ ਉਸ ਕੀਮਤ ਉੱਪਰ ਉਸ ਦੇ ਖਰੀਦਣ ਨੂੰ ਯਕੀਨੀ ਬਣਾ ਕੇ ਝੋਨੇ ਦੀ ਫ਼ਸਲ ਪੰਜਾਬ ਦੇ ਕਿਸਾਨਾਂ ਦੇ ਸਿਰ ਉੱਪਰ ਮੜ੍ਹ ਦਿੱਤੀ ਗਈ ਹੈ। ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਲਗਾਤਾਰ ਤੇਜ਼ੀ ਨਾਲ ਥੱਲੇ ਜਾਣ ਤੋਂ ਪੈਦਾ ਹੋਣ ਵਾਲੀਆਂ ਕੁਝ ਅਹਿਮ ਸਮੱਸਿਆਵਾਂ ਨੂੰ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਖੇਤੀਬਾੜੀ ਦੀ ਨਵੀਂ ਜੁਗਤ ਅਪਨਾਉਣ ਤੋਂ ਪਹਿਲਾਂ ਆਮ ਤੌਰ ਉੱਤੇ ਸਿੰਜਾਈ ਖੂਹਾਂ ਅਤੇ ਨਹਿਰਾਂ ਰਾਹੀਂ ਹੁੰਦੀ ਸੀ। ਇਹ ਜੁਗਤ ਅਪਨਾਉਣ ਨਾਲ ਸਿੰਜਾਈ ਦੀਆਂ ਲੋੜਾਂ ਵਧੀਆਂ, ਨਤੀਜੇ ਵਜੋਂ ਸਿੰਜਾਈ ਦਾ ਮੁੱਖ ਸਾਧਨ ਟਿਊਬਵੈੱਲ ਬਣ ਗਏ। ਪੰਜਾਬ ਵਿਚ 1960-61 ਦੌਰਾਨ ਟਿਊਬਵੈੱਲਾਂ ਦੀ ਗਿਣਤੀ 7445 ਸੀ ਜੋ ਹੁਣ 14 ਲੱਖ ਤੋਂ ਅੱਗੇ ਲੰਘ ਗਈ ਹੈ। ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਸਬਮਰਸੀਬਲ ਮੋਟਰਾਂ ਲਗਾਈਆਂ ਗਈਆਂ ਹਨ ਅਤੇ ਇਨ੍ਹਾਂ ਦੇ ਬੋਰਾਂ ਨੂੰ ਵੀ ਵਾਰ ਵਾਰ ਡੂੰਘਾ ਕਰਨਾ ਪੈ ਰਿਹਾ ਹੈ। ਸਿੰਜਾਈ ਦਾ ਇਹ ਸਾਧਨ ਬਹੁਤ ਮਹਿੰਗਾ ਹੋਣ ਕਾਰਨ ਸੀਮਾਂਤ ਅਤੇ ਛੋਟੇ ਕਿਸਾਨਾਂ ਦੇ ਵੱਸ ਤੋਂ ਬਾਹਰ ਹੋ ਰਿਹਾ ਹੈ ਜਿਸ ਲਈ ਉਹ ਜਾਂ ਤਾਂ ਕਰਜ਼ਾ ਲੈਂਦੇ ਹਨ ਅਤੇ ਜਦੋਂ ਕਰਜ਼ਾ ਵੀ ਨਹੀਂ ਮਿਲਦਾ ਤਾਂ ਆਪਣੀ ਪਹਿਲਾਂ ਤੋਂ ਛੋਟੀ ਜੋਤ ਦਾ ਕੁਝ ਹਿੱਸਾ ਵੇਚ ਦਿੰਦੇ ਹਨ। 1980 ਦੌਰਾਨ ਪੰਜਾਬ ਦੇ 3712 ਪਿੰਡਾਂ ਵਿਚ ਪੀਣ ਵਾਲੇ ਪਾਣੀ ਦੀ ਥੁੜ੍ਹ ਦੀ ਸਮੱਸਿਆ ਸੀ; 2007 ਦੌਰਾਨ ਇਨ੍ਹਾਂ ਪਿੰਡਾਂ ਦੀ ਗਿਣਤੀ 8515 ਹੋ ਗਈ। ਹੁਣ ਇਸ ਸਮੱਸਿਆ ਵਾਲੇ ਪਿੰਡਾਂ ਦੀ ਗਿਣਤੀ ਹੋਰ ਜ਼ਿਆਦਾ ਹੋਣ ਦੇ ਨਾਲ ਨਾਲ ਖੇਤੀਬਾੜੀ ਉਤਪਾਦਨ ਲਈ ਵਰਤੀਆਂ ਜਾ ਰਹੀਆਂ ਰਸਾਇਣਕ ਖਾਦਾਂ, ਕੀਟਨਾਸ਼ਕ ਤੇ ਨਦੀਨਨਾਸ਼ਕ ਅਤੇ ਹੋਰ ਜ਼ਹਿਰਾਂ ਤੇ ਉਦਯੋਗਾਂ ਦੁਆਰਾ ਦਰਿਆਵਾਂ, ਨਦੀਆਂ ਅਤੇ ਨਹਿਰਾਂ ਵਿਚ ਉਨ੍ਹਾਂ ਦੀ ਰਹਿੰਦ/ਖੂੰਹਦ ਤੇ ਰਸਾਇਣਕ ਪਦਾਰਥ ਪਾਉਣ ਜਾਂ ਸੁੱਟਣ ਨਾਲ ਇਹ ਪਦਾਰਥ ਧਰਤੀ ਹੇਠਲੇ ਪਾਣੀ ਵਿਚ ਘੁਲ ਗਏ ਹਨ। ਨਤੀਜੇ ਵਜੋਂ ਬਹੁਤ ਜ਼ਿਆਦਾ ਖੇਤਰਾਂ ਵਿਚ ਧਰਤੀ ਹੇਠਲਾ ਪਾਣੀ ਸਿੱਧੇ ਤੌਰ ਉੱਤੇ ਪੀਣ ਵਾਲਾ ਨਹੀਂ ਰਿਹਾ।ਕੇਂਦਰ ਸਰਕਾਰ ਨੂੰ ਮੁਲਕ ਦੀ ਅਨਾਜ ਸੁਰੱਖਿਆ ਲਈ ਕਣਕ ਅਤੇ ਚੌਲ ਚਾਹੀਦੇ ਹਨ, ਉਸ ਨੂੰ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਕੀਮਤੀ ਸੋਮੇ ਦਾ ਉੱਕਾ ਹੀ ਫਿਕਰ ਨਹੀਂ। ਕੇਂਦਰ ਸਰਕਾਰ, ਪੰਜਾਬ ਸਰਕਾਰ ਤੇ ਇੱਥੋਂ ਦੇ ਕਿਸਾਨਾਂ ਨੂੰ ਫ਼ਸਲੀ ਵੰਨ-ਸੁਵੰਨਤਾ ਬਾਰੇ ਬਹੁਤ ਸਾਰੀਆਂ ਸਲਾਹਾਂ/ਹਦਾਇਤਾਂ ਦਿੰਦੀ ਰਹਿੰਦੀ ਹੈ, ਪਰ ਖੇਤੀਬਾੜੀ ਜਿਣਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਦੀ ਨੀਤੀ ਰਾਹੀਂ ਆਪ ਹੀ ਇਸ ਦੇ ਉਲਟ ਚੱਲ ਰਹੀ ਹੈ। ਉਤਪਾਦਕਤਾ ਦਾ ਵਧੇਰੇ ਹੋਣਾ ਜਾਂ ਖੇਤੀਬਾੜੀ ਜਿਣਸਾਂ ਦੇ ਉਤਪਾਦਨ ਦੇ ਵਧੇਰੇ ਹੋਣ ਲਈ ਢੁਕਵੀਆਂ ਉਤਪਾਦਨ ਕੀਮਤਾਂ ਅਤੇ ਮੰਡੀ ਦੀ ਯਕੀਨੀ ਹੋਣਾ ਹੀ ਕਾਫ਼ੀ ਨਹੀ, ਸਗੋਂ ਖੇਤੀਬਾੜੀ ਦਾ ਸਦਾ ਲਈ ਚੱਲਦੇ ਰਹਿਣਾ ਪੰਜਾਬ ਦੇ ਵਿਕਾਸ ਦਾ ਧੁਰਾ ਹੋਣਾ ਚਾਹੀਦਾ ਹੈ।

ਸੇਵਾ ਦੀ ਮੂਰਤ ਭਗਤ ਪੂਰਨ ਸਿੰਘ



Bhagat Puran Singh 1902 - 1992

ਭਗਤ ਪੂਰਨ ਸਿੰਘ ਦਾ ਜਨਮ 4 ਜੂਨ 1904 ਨੂੰ ਰਾਜੇਵਾਲ ਰੋਹਣੋ ਪਿੰਡ ਵਿੱਚ ਮਾਤਾ ਮਹਿਤਾਬ ਕੌਰ ਅਤੇ ਪਿਤਾ ਛਿੱਬੂ ਮੱਲ ਦੇ ਘਰ ਹੋਇਆ। ਭਗਤ ਪੂਰਨ ਸਿੰਘ ਸੇਵਾ ਦੀ ਬੇਮਿਸਾਲ ਮੂਰਤ ਸਨ। ਸੇਵਾ ਦੀ ਲਗਨ ਭਗਤ ਜੀ ਨੂੰ ਉਨ੍ਹਾਂ ਦੀ ਮਾਤਾ ਮਹਿਤਾਬ ਕੌਰ ਨੇ ਬਚਪਨ ਵਿੱਚ ਹੀ ਗੁਰੂ ਘਰ ਦੀ ਸੇਵਾ ਕਰਨ ਵਾਲੀਆਂ ਸਾਖੀਆਂ ਸੁਣਾ ਕੇ ਲਾ ਦਿੱਤੀ ਸੀ। ਜਦੋਂ ਦੋਵੇਂ ਗਲੀਆਂ ਵਿੱਚ ਇਕੱਠੇ ਤੁਰਦੇ ਤਾਂ ਮਾਤਾ ਮਹਿਤਾਬ ਕੌਰ ਕੱਚ, ਪੱਥਰ ਅਤੇ ਕਿੱਲਾਂ ਨੂੰ ਚੁੱਕਣਾ ਸਿਖਾਉਂਦੀ ਅਤੇ ਦੂਜਿਆਂ ਦੇ ਦਰਦ ਨੂੰ ਹਿਰਦੇ ਭਰਨ ਦਾ ਯਤਨ ਕਰਦੀ। ਇਹੀ ਦਰਦ ਮਹਿਸੂਸ ਕਰਨ ਦੀ ਭਾਵਨਾ ਭਗਤ ਜੀ ਦੇ ਆਪਣੇ ਜੀਵਨ ਦੇ ਆਖ਼ਰੀ ਪਲਾਂ ਤੱਕ ਪ੍ਰਤੱਖ ਰੂਪ ਵਿੱਚ ਡੁੱਲ ਡੁੱਲ ਪੈਂਦੀ ਸੀ। ਜਿੱਥੇ ਵੀ ਕਿਤੇ ਸੜਕਾਂ ਜਾਂ ਗਲੀਆਂ ਵਿੱਚ ਕੋਈ ਕੱਚ ਛਿੱਲੜ ਜਾਂ ਰੋੜਾ ਦੇਖਦੇ ਉਸ ਨੂੰ ਚੁੱਕ ਕੇ ਇੱਕ ਪਾਸੇ ਕਰ ਦਿੰਦੇ। ਇਸੇ ਲਈ ਲਾਹੌਰ ਵਿੱਚ ਭਗਤ ਜੀ ਨੂੰ ਲੋਕ 'ਕੇਲੇ ਦੇ ਛਿੱਲੜਾਂ ਵਾਲਾ ਬਾਬਾ' ਕਹਿ ਕੇ ਛੇੜਦੇ ਪਰ ਅਜਿਹੀਆਂ ਗੱਲਾਂ ਉਨ੍ਹਾਂ ਨੂੰ ਆਪਣੇ ਮਾਰਗ ਤੋਂ ਨਾ ਡੁਲਾ ਨਾ ਸਕੀਆਂ। ਮਾਤਾ ਦੀ ਬਿਮਾਰੀ ਨੇ ਪੂਰਨ ਸਿੰਘ ਦੀ ਜ਼ਿੰਦਗੀ ਵਿੱਚ ਇੱਕ ਅਜਿਹਾ ਮੋੜ ਲਿਆਂਦਾ ਜਿਹੜਾ ਲੋਕਾਈ ਪ੍ਰਤੀ ਹਮਦਰਦੀ ਦਾ ਮੁਜੱਸਮਾ ਬਣ ਕੇ ਨਿੱਤਰਿਆ। ਲੋਕਾਈ ਨੂੰ ਵੱਖਰੇ ਦ੍ਰਿਸ਼ਟੀਕੋਣ ਤੋਂ ਦੇਖਣ ਵਾਚਣ ਦੀ ਪਿਰਤ ਪੈਣੀ ਆਰੰਭ ਹੋਈ। ਇਹ ਦ੍ਰਿਸ਼ਟੀਕੋਣ ਨਫ਼ਰਤ ਜਾਂ ਈਰਖਾ ਤੋਂ ਕੋਹਾਂ ਦੂਰ ਸੀ। ਮਤਰੇਈ ਮਾਂ ਅਤੇ ਮਤਰਏ ਭੈਣ ਭਰਾਵਾਂ ਦੇ ਵਿਵਹਾਰ ਦੇ ਥਪੇੜਿਆਂ ਨੇ ਉਨ੍ਹਾਂ ਦੀ ਵਿਦਿਅਕ ਯੋਗਤਾ ਨੂੰ ਮਾਨਸਿਕ ਤੌਰ 'ਤੇ ਭੰਗ ਕਰ ਦਿੱਤਾ ਸੀ। ਖੰਨੇ ਸਕੂਲ ਦੀ ਲਾਇਬ੍ਰੇਰੀ ਵਿੱਚ ਉਸ ਦੀ ਰੁਚੀ ਵਿਸ਼ਾਲ ਹੋਈ ਜਿਹੜੀ ਰਾਮਜੀ ਦੇ ਜੀਵਨ ਦੇ ਅੰਤਲੇ ਪਲਾਂ ਤੱਕ ਕਾਇਮ ਰਹੀ। 1934 ਵਿੱਚ ਭਗਤ ਪੂਰਨ ਸਿੰਘ ਜੀ ਡੇਹਰਾ ਸਾਹਿਬ ਲਾਹੌਰ ਦੇ ਗੁਰਦੁਆਰੇ ਦੇ ਬਾਹਰ ਇੱਕ ਪੰਜ ਸਾਲ ਦੇ ਲੂਲ੍ਹੇ ਬੱਚੇ ਦੀ ਹਾਲਤ ਨੂੰ ਦੇਖ ਕੇ ਪੰਘਰ ਗਏ ਤੇ ਉਸ ਦੀ ਸੇਵਾ ਦਾ ਜ਼ਿੰਮਾ ਆਪਣੇ ਸਿਰ ਲੈ ਲਿਆ। ਬੱਚੇ ਦਾ ਪਿਤਾ ਫਿਰ ਦੋ ਸਿੰਘ ਤੇ ਫਿਰ ਗੁਰਦੁਆਰੇ ਦੇ ਮੋਢੀ ਇਹ ਜ਼ਿੰਮੇਵਾਰੀ ਲੈਣ ਤੋਂ ਇਨਕਾਰੀ ਹੋ ਗਏ ਸਨ। ਭਗਤ ਜੀ ਨੇ ਬੱਚੇ ਨੂੰ ਆਪਣੇ ਹੱਥਾਂ ਨਾਲ ਸਾਫ਼ ਕੀਤਾ ਅਤੇ ਮਾਵਾਂ ਵਾਲਾ ਪਿਆਰ ਦਿੱਤਾ। ਇਹੀ ਪਿਆਰ ਉਨ੍ਹਾਂ ਹਰ ਅਨਾਥ, ਬੇਸਹਾਰਾ ਅਤੇ ਬਿਮਾਰੀ ਨਾਲ ਪੀੜਤ ਬੱਚੇ ਅਤੇ ਬੁੱਢੇ ਨੂੰ ਦਿੱਤਾ। ਇਸ ਸੇਵਾ ਨੂੰ ਭਗਤ ਪੂਰਨ ਸਿੰਘ ਜੀ ਨੇ ਬੜੀ ਸ਼ਿੱਦਤ ਨਾਲ ਨਿਭਾਇਆ। ਉਹ ਇਸ ਲੂਲ੍ਹੇ ਬੱਚੇ ਨੂੰ ਹਰ ਵਕਤ ਆਪਣੇ ਪਿੱਠ 'ਤੇ ਚੁੱਕੀ ਫਿਰਦੇ ਅਤੇ ਲੋਕ ਬੱਚੇ ਬਾਰੇ ਪੁੱਛਦੇ ਤਾਂ ਭਗਤ ਜੀ ਆਖਦੇ ਇਹ ਮੇਰਾ ਪਿਆਰਾ ਬੱਚਾ ਹੈ, ਇਸ ਲਈ ਉਸ ਦਾ ਨਾਂ ਹੀ ਪਿਆਰਾ ਪੈ ਗਿਆ। 1947 ਦੀ ਵੰਡ ਸਮੇਂ ਭਗਤ ਜੀ ਪਿਆਰੇ ਨੂੰ ਆਪਣੇ ਨਾਲ ਲੈ ਕੇ 25,000 ਸ਼ਰਨਾਰਥੀਆਂ ਵਾਲੇ ਅੰਮ੍ਰਿਤਸਰ ਦੇ ਖ਼ਾਲਸਾ ਕਾਲਜ ਦੇ ਕੈਂਪ ਪਹੁੰਚੇ। ਕਾਲਜ ਦੇ ਪ੍ਰਿੰਸੀਪਲ ਡਾ. ਭਾਈ ਜੋਧ ਸਿੰਘ ਨਾਲ ਅਤੇ ਕੈਂਪ ਵਿਚਲੇ ਸਰਕਾਰੀ ਡਾਕਟਰੀ ਸਹਾਇਕ ਦੇਸ ਰਾਜ ਦੀ ਸਹਾਇਤਾ ਨਾਲ ਪਿਆਰਾ ਸਿੰਘ ਦੀ ਹੀ ਨਹੀਂ ਸਗੋਂ ਹੋਰ ਪੀੜਤ ਸ਼ਰਨਾਰਥੀਆਂ ਦੀ ਵੀ ਸੰਭਾਲ ਕਰਦੇ, ਇਥੋਂ ਤੱਕ ਕੇ ਇਨ੍ਹਾਂ ਦੀ ਸੰਭਾਲ ਲਈ ਅਤੇ ਦਵਾਈ ਲਈ ਪੈਸੇ ਵੀ ਮੰਗ ਕੇ ਲਿਆਉਂਦੇ। 31 ਦਸੰਬਰ ਨੂੰ ਜਦੋਂ ਕੈਂਪ ਖ਼ਤਮ ਹੋਇਆ ਤਾਂ ਭਗਤ ਜੀ ਨੇ ਅਠਾਰਾਂ ਮੈਂਬਰ 13 ਬਾਲਗ ਅਤੇ ਪੰਜ ਬੱਚਿਆਂ ਦੇ ਸੰਭਾਲ ਦੀ ਜ਼ਿੰਮੇਵਾਰੀ ਆਪਣੇ ਸਿਰ ਲਈ ਹੋਈ ਸੀ। ਕਰੀਬ ਦੱਸ ਮਹੀਨੇ ਸਟੇਸ਼ਨ ਦੇ ਅਹਾਤੇ ਵਿੱਚ ਇਨ੍ਹਾਂ ਮਰੀਜ਼ਾਂ ਦੀ ਸੇਵਾ ਸੰਭਾਲ ਤੋਂ ਬਾਅਦ 1 ਅਕਤੂਬਰ 1948 ਨੂੰ ਸਿਨੇਮਾ ਦੀ ਟੁੱਟੀ ਹੋਈ ਇਮਾਰਤ ਵਿੱਚ ਇਸ ਨਵੇਂ ਪਰਿਵਾਰ ਨਾਲ ਪਨਾਹ ਲਈ। ਟੀਬੀ ਅਤੇ ਹੋਰ ਛੂਆ-ਛੂਤ ਵਾਲੀਆਂ ਬਿਮਾਰੀਆਂ ਦੇ ਮਰੀਜ਼ਾਂ ਲਈ ਉਜਾੜ ਵਿਚਲੀ ਮਸਜਿਦ ਦੀ ਵਰਤੋਂ ਕੀਤੀ।

1957 ਵਿੱਚ ਭਗਤ ਜੀ ਵੱਡੀ ਸਮੱਸਿਆ ਪੈਦਾ ਹੋ ਗਈ। ਉਨ੍ਹਾਂ ਕੋਲੋਂ ਸਿਨੇਮਾ ਵਾਲੀ ਇਮਾਰਤ ਖਾਲੀ ਕਰਵਾ ਲਈ ਗਈ ਪਰ ਉਨ੍ਹਾਂ ਹੌਸਲਾ ਨਾ ਛੱਡਿਆ ਸਗੋਂ ਹਿੰਮਤ ਨਾਲ ਦਿਨ ਰਾਤ ਅਣਥੱਕ ਮਿਹਨਤ ਕਰਕੇ ਰਾਮ ਤਲਾਈ ਵਾਲੀ ਜਗਾ ਲੱਭ ਕੇ ਇਨਾਂ ਮਰੀਜ਼ਾਂ ਨੂੰ ਉੱਥੇ ਤਬਦੀਲ ਕਰ ਦਿੱਤਾ। ਇਹ ਇਮਾਰਤ ਰਾਇ ਬਹਾਦਰ ਕਲਿਆਣ ਟਰੱਸਟ ਦੀ ਸੀ ਤੇ ਜਦੋਂ ਅਧਿਕਾਰੀ ਇਸ ਬਾਰੇ ਪਤਾ ਕਰਨ ਆਏ ਤਾਂ ਭਗਤ ਜੀ ਨੇ ਨਿਧੱੜਕ ਤੇ ਸ਼ਾਂਤ ਸੁਭਾਅ ਨਾਲ ਇਹ ਜਗ੍ਹਾ ਦਿਖਾਈ। ਉਨ੍ਹਾਂ ਅਧਿਕਾਰੀਆਂ ਦੀ ਰਿਪੋਰਟ ਦੇ ਆਧਾਰ 'ਤੇ ਇਹ ਇਮਾਰਤ ਭਗਤ ਜੀ ਕੋਲ ਰਹਿਣ ਦਿੱਤੀ ਗਈ। ਉਨ੍ਹਾਂ ਆਉਣ ਵਾਲੀਆਂ ਮੁਸ਼ਕਿਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ 6 ਮਾਰਚ 1957 ਨੂੰ ਆਲ ਇੰਡੀਆ ਪਿੰਗਲਵਾੜਾ ਸੁਸਾਇਟੀ ਨਾਂ ਦੀ ਸੰਸਥਾ ਨੂੰ ਰਜਿਸਟਡ ਕਰਵਾਇਆ।

ਪੰਜਾਬ ਦੇ ਮੁੱਖ ਮੰਤਰੀ ਗੋਪੀ ਚੰਦ ਭਾਰਗਵ ਨੇ ਪੁਨਰ ਨਿਰਮਾਨ ਵਿਭਾਗ ਰਾਹੀਂ ਜੀਟੀ ਰੋਡ 'ਤੇ ਇੱਕ ਪਲਾਟ ਅਲਾਟ ਕਰ ਦਿੱਤਾ ਸੀ ਪਰ ਇਮਾਰਤ ਲਈ ਪੈਸੇ ਇਕੱਠੇ ਕਰਨੇ ਇਸ ਮਸੀਹੇ ਦੇ ਸੁਪਨੇ ਦੀ ਵੱਡੀ ਰੁਕਾਵਟ ਬਣ ਗਿਆ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਾਸਟਰ ਤਾਰਾ ਸਿੰਘ ਨੇ ਪੂਰੀ ਇਮਾਰਤ ਉਸਾਰਨ ਦੀ ਪੇਸ਼ਕਸ ਕੀਤੀ ਪਰ ਭਗਤ ਜੀ ਨੇ ਇਹ ਪੇਸ਼ਕਸ ਰੱਦ ਕਰ ਦਿੱਤੀ। ਸੰਗਤਾਂ ਨੂੰ ਮਰੀਜ਼ਾਂ ਦੀਆਂ ਲੋੜਾਂ ਦੀ ਪੂਰਤੀ ਲਈ ਜਾਗਰੂਕ ਕਰਨ ਵਾਲੇ ਸਿਰਫ਼ ਬੋਰਡਾਂ ਨੂੰ ਗੁਰਦੁਆਰਿਆਂ ਵਿੱਚ ਲਗਵਾਉਣ ਦੀ ਬੇਨਤੀ ਕੀਤੀ ਜਿਹੜੀ ਤੁਰੰਤ ਮੰਨ ਲਈ ਗਈ। ਇਹ ਬੋਰਡ ਪੰਜਾਬ ਦੇ ਅਤੇ ਫਿਰ ਪੰਜਾਬ ਤੋਂ ਬਾਹਰਲੇ ਗੁਰਦੁਆਰਿਆਂ ਵਿੱਚ ਲੱਗੇ ਜਿਸ ਨਾਲ ਇਮਾਰਤ ਦਾ ਕੰਮ ਆਸਾਨ ਹੋ ਗਿਆ। ਡਾ. ਵਿਦਿਆ ਸਾਗਰ ਨੇ ਸਰੀਰਕ ਪੱਖੋਂ ਤਕੜੇ ਮਾਨਸਿਕ ਰੋਗੀਆਂ ਨੂੰ ਪ੍ਰੇਰ ਕੇ ਪਲਾਟ ਵਿੱਚ ਮਿੱਟੀ ਪੁਆ ਕੇ ਪੱਧਰਾ ਕੀਤਾ। ਉੱਥੇ ਲੋੜ ਅਨੁਸਾਰ ਛੱਪਰੇ ਪਾ ਕੇ ਝੋਪੜੀਆਂ ਬਣਾਈਆਂ ਅਤੇ ਇਨ੍ਹਾਂ ਨੂੰ ਉੱਥੇ ਤਬਦੀਲ ਕਰਕੇ ਪਿੰਗਲਵਾੜੇ ਦਾ ਆਰੰਭ ਹੋਇਆ। ਭਗਤ ਜੀ ਇਕੱਲੇ ਸੇਵਾ ਭਾਵਨਾ ਵਾਲੇ ਹੀ ਨਹੀਂ ਸੀ ਸਨ ਬਲਕਿ ਉਨ੍ਹਾਂ ਵਿੱਚ ਪੜ੍ਹਨ ਅਤੇ ਲਿਖਣ ਦੀ ਰੁਚੀ ਵੀ ਸੀ। ਅੰਮ੍ਰਿਤਸਰ ਦੀ ਲਾਇਬ੍ਰੇਰੀ ਵਿੱਚ ਪੁਸਤਕਾਂ ਪੜ੍ਹਦੇ ਅਤੇ ਮਹੱਤਵਪੂਰਨ ਨੁਕਤੇ ਨੋਟ ਕਰ ਲੈਂਦੇ ਸਨ। ਉਨ੍ਹਾਂ ਦੀ ਜਾਣਕਾਰੀ ਦਾ ਘੇਰਾ ਬਹੁਤ ਹੀ ਵਿਸ਼ਾਲ ਸੀ। ਉਹ ਵਾਤਾਵਰਨ, ਵਧਦੀ ਆਬਾਦੀ, ਅਨਪੜ੍ਹਤਾ, ਦਰੱਖਤਾਂ ਦੀ ਕਟਾਈ ਤੇ ਅੰਨ ਸੰਕਟ ਆਦਿ ਸਮੱਸਿਆਵਾਂ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਦੇ। ਫਿਰ ਉਨ੍ਹਾਂ ਨੇ ਛਾਪਾਖਾਨਾ ਲਾ ਕੇ ਸਾਹਿਤ ਵੰਡਣਾ ਸ਼ੁਰੂ ਕੀਤਾ। ਸਰਕਾਰ ਨੇ ਭਗਤ ਜੀ ਦਾ ਪਦਮ ਸ੍ਰੀ ਦੀ ਉਪਾਧੀ ਨਾਲ ਸਨਮਾਨ ਕੀਤਾ।

ਰੱਬੀ ਰੂਹ ਸਾਈਂ ਮੀਆਂ ਮੀਰ ਜੀ



ਹਜ਼ਰਤ ਸਾਈਂ ਮੀਆਂ ਮੀਰ ਜੀ ਸੂਫ਼ੀ ਦਰਵੇਸ਼ ਸਨ। ਸਾਈਂ ਮੀਆਂ ਮੀਰ ਜੀ ਦਾ ਪੂਰਾ ਨਾਂ ਸ਼ੇਖ ਮੁਹੰਮਦ ਮੀਰ ਸੀ। ਆਪ ਮੀਆਂ ਜੀਉ, ਸ਼ਾਹ ਮੀਰ, ਖ਼ੁਆਜਾ ਮੀਰ, ਬਾਲਾ ਪੀਰ ਅਤੇ ਮੀਰ ਮੁਇਨੁਲ ਇਸਲਾਮ ਦੇ ਨਾਂ ਨਾਲ ਵੀ ਜਾਣੇ ਜਾਂਦੇ ਹਨ। ਆਪ ਦੀ ਜਨਮ ਤਰੀਕ ਸਬੰਧੀ ਵਿਦਵਾਨ ਇਕ ਮੱਤ ਨਹੀਂ ਹਨ। ਡਾ. ਮੁਹੰਮਦ ਹਬੀਬ ਆਪਣੀ ਪੁਸਤਕ 'ਸਾਈਂ ਮੀਆਂ ਮੀਰ' ਵਿਚ ਆਪ ਦਾ ਜੀਵਨ ਸਮਾਂ 1531 ਤੋਂ 1634 ਈ: ਲਿਖਦੇ ਹਨ। ਡਾ: ਗੁਲਜ਼ਾਰ ਕੰਡਾ ਆਪਣੀ ਰਚਨਾ 'ਸੂਫੀਮਤ ਸਿਲਸਿਲੇ ਅਤੇ ਸਾਧਕ' ਵਿਚ ਸਾਈਂ ਜੀ ਦਾ ਜਨਮ 1550 ਈ: ਤੋਂ 1636 ਈ: ਲਿਖਦੇ ਹਨ। ਆਪ ਦੇ ਪਿਤਾ ਦਾ ਨਾਂ ਕਾਜ਼ੀ ਦਿੱਤਾ ਅਤੇ ਦਾਦਾ ਦਾ ਨਾਂ ਕਾਜ਼ੀ ਕਲੰਦਰ ਫਾਰੂਕੀ ਸੀ। ਆਪ ਦੀ ਮਾਤਾ ਦਾ ਨਾਂ ਫਾਤਿਮਾ ਸੀ, ਜੋ ਕਾਜ਼ੀ ਕਾਦਨ ਦੀ ਸਪੁੱਤਰੀ ਸੀ, ਦੇ ਘਰ ਸਿੰਧ ਦੇ ਇਲਾਕੇ ਸੀਸਤਾਨ ਵਿਚ ਆਪ ਦਾ ਜਨਮ ਹੋਇਆ। ਸਰੀਰਕ ਤੌਰ ਤੇ ਸਾਈਂ ਜੀ ਦਰਮਿਆਨੇ ਕੱਦ ਦੇ ਖ਼ੂਬਸੂਰਤ ਇਨਸਾਨ ਸਨ। ਇਨ੍ਹਾਂ ਦਾ ਰੰਗ ਕਣਕਵੰਨ੍ਹਾ ਅਤੇ ਮੱਥਾ ਚੌੜ੍ਹਾ ਸੀ। ਦੁਬਲੇ ਪਤਲੇ ਸਨ। ਬਚਪਨ ਵਿਚ ਹੀ ਪਿਤਾ ਦੇ ਪਿਆਰ ਤੋਂ ਮਰਹੂਮ ਹੋ ਗਏ ਸਨ। ਆਪ ਤਿੰਨ ਭਰਾ ਮੁਹੰਮਦ ਬੋਲਾਂ, ਮੁਹੰਮਦ ਉਸਮਾਨ, ਮੁਹੰਮਦ ਤਾਹਿਰ ਤੇ ਦੋ ਭੈਣਾਂ ਜ਼ਮਾਲ ਖਾਤੂਨ ਤੇ ਜ਼ਾਮੀ ਮਾਦੀਆ ਸਨ। ਆਪ ਦਾ ਸਬੰਧ ਖਾਨਦਾਨੀ ਹਜ਼ਰਤ ਮੁਹੰਮਦ ਸਾਹਬ ਦੇ ਦੂਜੇ ਜਾਂ ਨਸ਼ੀਨ ਖ਼ਲੀਫਾ ਹਜ਼ਰਤ ਉਮਰ ਫਾਰੂਕ ਨਾਲ ਜਾ ਜੁੜਦਾ ਹੈ। ਮੁੱਢਲੀ ਸਿੱਖਿਆ ਆਪ ਨੇ ਇੱਥੋਂ ਹੀ ਪ੍ਰਾਪਤ ਕੀਤੀ। ਸੱਤ ਸਾਲ ਦੀ ਉਮਰ ਵਿਚ ਆਪ ਨੇ ਕੁਰਾਨ ਮਜ਼ੀਦ ਦੀ ਸਿੱਖਿਆ ਪ੍ਰਾਪਤ ਕਰ ਲਈ ਸੀ। ਅਗਲੇਰੀ ਵਿੱਦਿਆ ਲਈ ਆਪ ਲਾਹੌਰ ਆ ਗਏ। ਇੱਥੇ ਆ ਕੇ ਆਪ ਨੇ ਮੌਲਾਨਾ ਸਾਅਦੁੱਲ੍ਹਾ, ਮੌਲਾਨਾ ਨਿਆਮਤਉੱਲ੍ਹਾ ਅਤੇ ਮੌਲਾਨਾ ਅੱਸਦਉੱਲ੍ਹਾ ਵਰਗੇ ਕਾਬਿਲ ਉਸਤਾਦਾਂ ਤੋਂ ਦੁਨਿਆਵੀ ਤੇ ਸ਼ਰਈ ਵਿੱਦਿਆ ਪ੍ਰਾਪਤ ਕੀਤੀ। ਵਿੱਦਿਆ ਪ੍ਰਾਪਤ ਕਰਨ ਤੋਂ ਇਕ ਸਾਲ ਤਕ ਸਰਹੰਦ ਵਿਚ ਰਹਿਣ ਤੋਂ ਬਾਅਦ ਆਪ ਲਾਹੌਰ ਵਾਪਸ ਆ ਗਏ। ਹਜ਼ਰਤ ਸਾਈਂ ਮੀਆਂ ਮੀਰ ਜੀ ਨੇ ਗ੍ਰਹਿਸਤ ਧਾਰਨ ਨਹੀਂ ਕੀਤਾ। ਆਪ ਜ਼ਿਆਦਾ ਸਮਾਂ ਖ਼ੁਦਾ ਦੀ ਇਬਾਦਤ ਵਿਚ ਲੀਨ ਰਹਿੰਦੇ ਸਨ। ਘੱਟ ਖਾਣਾ, ਘੱਟ ਸੌਣਾ ਤੇ ਘੱਟ ਬੋਲਣਾ ਆਪ ਦੀ ਆਦਤ ਸੀ। ਬਾਦਸ਼ਾਹ ਜਹਾਂਗੀਰ, ਸ਼ਾਹਜਹਾਨ ਤੇ ਸ਼ਹਿਜ਼ਾਦਾ ਦਾਰਾ ਸ਼ਿਕੋਹ ਆਪ ਦੇ ਮੁਰੀਦ ਸਨ। ਸੂਫ਼ੀ ਫਕੀਰਾਂ ਅਤੇ ਸਿੱਖ ਗੁਰੂ ਸਾਹਿਬਾਨ ਦੇ ਸ਼ੁਰੂ ਤੋਂ ਹੀ ਬੜੇ ਪਿਆਰ ਵਾਲੇ ਸਬੰਧ ਰਹੇ ਹਨ। ਗੁਰੂ ਨਾਨਕ ਦੇਵ ਜੀ ਚਾਰ ਉਦਾਸੀਆਂ ਸਮੇਂ ਹਜ਼ਰਤ ਬਾਬਾ ਸ਼ੇਖ ਫਰੀਦ ਜੀ ਦਰਗਾਹ ਪਾਕਪਟਨ ਸ਼ਰੀਫ ਗਏ, ਉੱਥੋਂ ਦੇ ਗੱਦੀ ਨਸ਼ੀਨ ਸ਼ੇਖ ਇਬਰਾਹਿਮ ਜਿਨ੍ਹਾਂ ਨੂੰ ਸ਼ੇਖ ਬ੍ਰਹਮ ਵੀ ਕਿਹਾ ਜਾਂਦਾ ਹੈ, ਨਾਲ ਮੁਲਾਕਾਤ ਕੀਤੀ। ਸ਼ੇਖ਼ ਇਬਰਾਹਿਮ ਜੀ ਤੋਂ ਗੁਰੂ ਨਾਨਕ ਦੇਵ ਜੀ ਨੇ ਹਜ਼ਰਤ ਬਾਬਾ ਸ਼ੇਖ਼ ਫਰੀਦ ਜੀ ਦੀ ਬਾਣੀ ਇਕੱਤਰ ਕੀਤੀ ਜੋ ਅੱਗੇ ਪੜਾਅ-ਦਰ-ਪੜਾਅ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤੀ। ਗੁਰੂ ਅਰਜਨ ਦੇਵ ਜੀ ਅਤੇ ਸਾਈਂ ਮੀਆਂ ਮੀਰ ਜੀ ਦਾ ਪਹਿਲੀ ਵਾਰ ਮਿਲਾਪ ਸਿਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਲਾਹੌਰ ਵਿਖੇ ਹੋਇਆ। ਫਿਰ ਅੱਗੇ ਮੁਲਾਕਾਤਾਂ ਦਾ ਸਿਲਸਿਲਾ ਬਾ-ਦਸਤੂਰ ਜਾਰੀ ਰਿਹਾ। ਜਦ ਗੁਰੂ ਅਰਜਨ ਦੇਵ ਜੀ ਗੁਰਗੱਦੀ 'ਤੇ ਬਿਰਾਜਮਾਨ ਹੋਏ ਤਾਂ ਸਾਈਂ ਨੇ ਦਸਤਾਰ ਭੇਟ ਕੀਤੀ ਸੀ। ਜਦ 1581 ਵਿਚ ਗੁਰੂ ਅਰਜਨ ਦੇਵ ਜੀ ਨੇ ਮਹਾਨ ਕਾਰਜ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਨੀਂਹ ਪੱਥਰ ਰੱਖਿਆ ਤਾਂ ਬਹੁਤ ਸਾਰੇ ਗੁਰਮੁੱਖ, ਗੁਰਸਿੱਖ ਤੇ ਮਹਾਂਪੁਰਸ਼ ਆਏ। ਸਾਈਂ ਮੀਆਂ ਮੀਰ ਜੀ ਵੀ ਲਾਹੌਰ ਤੋਂ ਉਚੇਚੇ ਤੌਰ 'ਤੇ ਪਹੁੰਚੇ ਸਨ। ਗੁਰੂ ਅਰਜਨ ਦੇਵ ਜੀ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੀ ਨੀਂਹ 1588 ਵਿਚ ਸਾਈਂ ਮੀਆਂ ਮੀਰ ਜੀ ਪਾਸੋਂ ਰਖਵਾਈ ਸੀ। ਪ੍ਰਸਿੱਧ ਵਿਦਵਾਨ ਗਿਆਨੀ ਗਿਆਨ ਸਿੰਘ, ਪ੍ਰੋ. ਸਾਹਿਬ ਸਿੰਘ, ਪ੍ਰੋ. ਹਰਬੰਸ ਸਿੰਘ, ਪ੍ਰੋ. ਹਰਿੰਦਰ ਸਿੰਘ ਮਹਿਬੂਬ, ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਗੁਲਜਾਰ ਸਿੰਘ ਕੰਗ, ਡਾ. ਹਿਰਦੇਜੀਤ ਸਿੰਘ ਭੋਗਲ, ਮੁਨਸ਼ੀ ਮੋਹਨ ਲਾਲ ਸੂਰੀ ਆਪਣੀ ਪੁਸਤਕ 'ਉਮਦਤ-ਉਤ-ਤਵਾਰੀਖ' ਵਿਚ ਤੇ ਅੰਮ੍ਰਿਤਸਰ ਦਾ ਡਿਸਟ੍ਰਿਕਟ ਗਜ਼ਟੀਅਰ ਇਸ ਗੱਲ ਦੀ ਤਸਦੀਕ ਕਰਦਾ ਹੈ ਕਿ ਨੀਂਹ ਸਾਈਂ ਮੀਆਂ ਮੀਰ ਜੀ ਨੇ ਹੀ ਰੱਖੀ ਸੀ, ਪਰ 'ਪੰਥ ਪ੍ਰਕਾਸ਼' ਦੇ ਲਿਖਾਰੀ ਗਿਆਨੀ ਕ੍ਰਿਪਾਲ ਸਿੰਘ, ਅਤੇ 'ਗੁਰੂ ਪ੍ਰਤਾਪ ਸੂਰਜ ਗ੍ਰੰਥ' ਦੀ ਲਿਖਤ ਦੱਸਦੀ ਹੈ ਕਿ ਹਰਿਮੰਦਰ ਸਾਹਿਬ ਦੀ ਨੀਂਹ ਗੁਰੂ ਅਰਜਨ ਦੇਵ ਜੀ ਨੇ ਆਪ ਰੱਖੀ ਸੀ। ਜਿਸ ਨੂੰ ਕਾਰੀਗਰ ਨੇ ਮੁੜ ਸਿੱਧਾ ਕਰ ਕੇ ਰੱਖਿਆ ਸੀ, ਜਿਸ 'ਤੇ ਗੁਰੂ ਜੀ ਨੇ ਕਿਹਾ ਸੀ ਕਿ ਇਹ ਮੰਦਰ ਇਕ ਵਾਰ ਫਿਰ ਗਿਰੇਗਾ ਤੇ ਫਿਰ ਬਣੇਗਾ। ਦੁਬਾਰਾ ਇਸ ਨੂੰ ਮੇਰੇ ਸਿੱਖ ਬਣਾਉਣਗੇ। ਡਾ. ਮਦਨਜੀਤ ਕੌਰ, ਭਾਈ ਕਾਨ੍ਹ ਸਿੰਘ ਨਾਭਾ, ਐਮ. ਏ. ਮੈਕਾਲਿਫ, ਗੰਡਾ ਸਿੰਘ ਤੇ ਪ੍ਰਿੰਸੀਪਲ ਤੇਜਾ ਸਿੰਘ ਵੀ ਇਸ ਗੱਲ ਨਾਲ ਸਹਿਮਤ ਹਨ। ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਦੇ ਇਤਿਹਾਸ ਬਾਰੇ 1885 ਈ: ਵਿਚ ਛਪੀ ਮਸ਼ਹੂਰ ਪੁਸਤਕ 'ਉਮਦਾਤੁੱਤਵਾਰੀਖ' ਵਿਚ ਹਰਿਮੰਦਰ ਸਾਹਿਬ ਦੇ ਨੀਂਹ ਪੱਥਰ ਬਾਰੇ ਲਿਖਿਆ ਹੈ ਕਿ ਗੁਰੂ ਜੀ ਖ਼ੁੱਦ ਸਾਈਂ ਜੀ ਨੂੰ ਲੈਣ ਲਾਹੌਰ ਗਏ ਸਨ ਤੇ ਉਨ੍ਹਾਂ ਦੇ ਮੁਬਾਰਕ ਹੱਥਾਂ ਨਾਲ ਹੀ ਨੀਂਹ ਪੱਥਰ ਰਖਵਾਇਆ ਗਿਆ ਸੀ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਸਮੇਂ ਸਾਈਂ ਜੀ ਗੁਰੂ ਜੀ ਨੂੰ ਮਿਲਣ ਗਏ ਤੇ ਬੜੇ ਹੀ ਦੁਖੀ ਹਿਰਦੇ ਨਾਲ ਬੇਨਤੀ ਕੀਤੀ। ਜਿਸਦਾ 'ਭਾਈ ਸੰਤੋਖ ਸਿੰਘ ਜੀ' ਇਸ ਤਰ੍ਹਾਂ ਵਰਣਨ ਕਰਦੇ ਹਨ ਕਿ : ਅਵਸਰ ਪਾਇ ਪੀਰ ਪੁਨ ਆਏ। ਕਰਾਮਾਤ ਕਾਮਲ ਸਮੁਦਾਏ।। ਨਮੋ ਕਹੀ ਹੁਣਿ ਖਰੇ ਅਗਾਰੀ। ਕਯੋਂ ਤੁਮ ਸਹੋ ਕਸ਼ਟ ਤਨੁ ਭਾਰੀ ? ਹਤਹਿ ਦੁਸ਼ਟ ਦੋ ਬਿਲਮ ਨਾ ਲਾਵੈਂ। ਆਗਯਾ ਤਨਕ ਆਪ ਕੀ ਪਾਵੈਂ।। ਦਿਲੀ ਲਵ ਪੁਰਿ ਨਗਰ ਬਿਸਾਲੇ। ਅਬਿ ਲੇਵੇ ਨਿਜ ਹਾਥ ਉਠਾਲੇ।। ਦੁਹਨਿ ਭਿਰਾਵੋ ਜਿਉ ਕਰ ਵਾਰੀ। ਦੇਉਂ ਨਾਸਕਰਿ, ਲਗਹਿ ਨਾ ਬਾਰੀ। ਕਯੋਂ ਇਤਨੇ ਦੁਖ ਸਹਹੁ ਗੁਸਾਈ। ਦਿਹੁ ਸਾਰਤ ਮੁਖ ਕਹਹੁ ਨਾ ਕਾਈ। ਭਾਵ ਕਿ ਸਾਈਂ ਜੀ ਨੇ ਗੁਰੂ ਜੀ ਨੂੰ ਕਿਹਾ ਕਿ ਮੈਨੂੰ ਇੱਜ਼ਤ ਦੇਵੋ ਕਿ ਰੱਬੀ ਕ੍ਰਿਪਾ ਨਾਲ ਮੈਂ ਦਿੱਲੀ ਤੇ ਲਾਹੌਰ ਦੀ ਇੱਟ ਨਾਲ ਇੱਟ ਖੜਕਾ ਦੇਵਾਂ। ਜਿਸ ਸ਼ਹਿਰ ਵਿਚ ਏਨੇ ਜ਼ੁਲਮ ਹੋਣ ਉਸਦਾ ਨਸ਼ਟ ਹੋ ਜਾਣਾ ਹੀ ਠੀਕ ਹੈ। ਸਾਈਂ ਮੀਆਂ ਮੀਰ ਜੀ ਦੀਆਂ ਗੱਲਾਂ ਸੁਣ ਕੇ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਕਿ ਸਾਈਂ ਜੀ ਧੀਰਜ ਰੱਖੋ। ਸੂਫੀ ਅਤੇ ਸੰਤ ਰੂਹਾਨੀਅਤ ਦੇ ਉੱਚੇ ਦਰਜੇ 'ਤੇ ਹੁੰਦੇ ਹਨ, ਪਰ ਉਹ ਖ਼ੁਦਾਈ ਮਾਮਲੇ ਵਿਚ ਕੋਈ ਦਖਲ ਨਹੀਂ ਦਿੰਦੇ। ਉਹ ਹਮੇਸ਼ਾ ਰੱਬੀ ਰਜ਼ਾ ਵਿਚ ਰਾਜ਼ੀ ਰਹਿੰਦੇ ਹਨ। ਸਾਡੇ ਨਾਲ ਜੋ ਹੋ ਰਿਹਾ ਹੈ, ਉਹ ਰੱਬ ਦੀ ਮਰਜ਼ੀ ਹੈ। ਇਸ ਵਿਚ ਕਿਸੇ ਦਾ ਕੋਈ ਦੋਸ਼ ਨਹੀਂ ਹੈ। ਰਵਾਇਤਾਂ ਅਨੁਸਾਰ ਗੁਰੂ ਜੀ ਨੇ ਸਲੋਕ ਉਚਾਰਣ ਕੀਤਾ ਕਿ :

ਧਰਤਿ ਆਕਾਸੁ ਪਾਤਾਲ ਹੈ ਚੰਦ ਸੂਰ ਬਿਲਾਸੀ।।
ਬਾਦਿਸਾਹ ਸਾਹ ਉਮਰਾਵ ਖਾਨ ਢਹਿ ਢੇਰੀ ਡੇਰੀ ਜਾਸੀ।।
ਰੰਗ ਤੁੰਗ ਗਰੀਬ ਮਸਤ ਸਭੁ ਲੋਕ ਨਿਸਾਸੀ।।
ਕਾਜ਼ੀ ਸੇਖ ਮਸਾਇਕਾ ਸਭੇ ਉਠਿ ਜਾਸੀ।।
ਪੀਰ ਪੈਗੰਬਰ ਅਉਲੀਏ ਕੋ ਥਿਰੁ ਨ ਰਹਾਸੀ।।
ਖ਼ੁਦਾਇ ਬੰਦਾ ਅਬਿਨਾਸੀ।।

ਵਾਰ ਡਖਣੇ ਮ.5 ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਵੀ ਸਾਈਂ ਜੀ ਦੇ ਸਬੰਧ ਮਿੱਤਰਤਾ ਵਾਲੇ ਹੀ ਰਹੇ। ਜਦ ਜਹਾਂਗੀਰ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਸੀ ਤਾਂ ਬਾਦਸ਼ਾਹ ਦੇ ਮਨੋਂ ਗ਼ਲਤ ਫਹਿਮੀਆਂ ਦੂਰ ਕਰ ਕੇ ਗੁਰੂ ਜੀ ਦੀ ਰਿਹਾਈ ਸੰਭਵ ਕਰਵਾਈ ਸੀ। ਫਿਰ ਜਦ ਲਾਹੌਰ ਦੇ ਕਾਜ਼ੀ ਰੁਸਤਮ ਖਾਂ ਦੀ ਬੇਟੀ ਬੀਬੀ ਕੌਲਾਂ ਗੁਰੂ ਘਰ ਦੀ ਬਾਣੀ ਪੜ੍ਹਕੇ ਬਹੁਤ ਪ੍ਰਭਾਵਿਤ ਹੋਈ ਤਾਂ ਸਾਈਂ ਜੀ ਨੇ ਬੀਬੀ ਕੌਲਾ ਨੂੰ ਗੁਰੂ ਜੀ ਕੋਲ ਅੰਮ੍ਰਿਤਸਰ ਭੇਜ ਦਿੱਤਾ ਸੀ। ਜਿੱਥੇ ਗੁਰੂ ਜੀ ਨੇ ਬੀਬੀ ਕੌਲਾਂ ਜੀ ਦੇ ਨਾਂ 'ਤੇ ਸਰੋਵਰ ਵੀ ਬਣਵਾਇਆ। ਡਾ. ਮੁਹੰਮਦ ਹਬੀਬ ਆਪਣੀ ਪੁਸਤਕ 'ਸਾਈਂ ਮੀਆ ਮੀਰ' ਵਿਚ ਲਿਖਦੇ ਹਨ ਕਿ ਸਾਈਂ ਜੀ ਨੇ ਸਾਰਾ ਜੀਵਨ ਲਾਹੌਰ ਵਿਚ ਹੀ ਗੁਜ਼ਾਰਿਆ। ਜਦ ਬੁਢਾਪੇ ਕਾਰਨ ਬਹੁਤ ਕਮਜ਼ੋਰ ਹੋ ਗਏ ਤਾਂ ਆਪ ਨੂੰ ਇਕ ਭਿਆਨਕ ਬਿਮਾਰੀ ਨੇ ਘੇਰ ਲਿਆ। ਪੰਜ ਦਿਨ ਬਿਮਾਰ ਰਹਿਣ ਮਗਰੋਂ 11 ਅਗਸਤ 1644 ਈ: ਨੂੰ ਇਸ ਜਹਾਨੋਂ ਆਪ ਦੀ ਮੁਕੱਦਸ ਰੂਹ ਉਡਾਰੀ ਮਾਰ ਗਈ।

ਸ਼ੇਖ਼ ਇਬਰਾਹਿਮ ਜੀ ਤੋਂ ਗੁਰੂ ਨਾਨਕ ਦੇਵ ਜੀ ਨੇ ਹਜ਼ਰਤ ਬਾਬਾ ਸ਼ੇਖ਼ ਫਰੀਦ ਜੀ ਦੀ ਬਾਣੀ ਇਕੱਤਰ ਕੀਤੀ ਜੋ ਅੱਗੇ ਪੜਾਅ-ਦਰ-ਪੜਾਅ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਸਤਿਕਾਰ ਸਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਅੰਕਿਤ ਕੀਤੀ। ਗੁਰੂ ਅਰਜਨ ਦੇਵ ਜੀ ਅਤੇ ਸਾਈਂ ਮੀਆਂ ਮੀਰ ਜੀ ਦਾ ਪਹਿਲੀ ਵਾਰ ਮਿਲਾਪ ਸਿਹਾਰੀ ਮੱਲ ਦੇ ਬੇਟੇ ਦੀ ਸ਼ਾਦੀ ਵਿਚ ਲਾਹੌਰ ਵਿਖੇ ਹੋਇਆ।

ਸਾਡੀ ਸਿਹਤ ਦਾ ਕਵਚ ਓਜ਼ੋਨ

ਲਖਵਿੰਦਰ ਸਿੰਘ
90235-30673

ਪਰਮਾਤਮਾ ਜੋ ਕੁਝ ਵੀ ਸਾਜਦਾ ਹੈ ਉਸਦੇ ਭੋਜਨ ਅਤੇ ਸੁਰੱਖਿਆ ਦਾ ਪ੍ਰਬੰਧ ਵੀ ਨਾਲ ਹੀ ਕਰ ਦਿੰਦਾ ਹੈ। ਜਿਵੇਂ ਗਰਭ ਵਿੱਚ ਬੱਚੇ ਦੇ ਪਨਪਣ ਨਾਲ ਹੀ ਉਸਦੀ ਸੁਰੱਖਿਆ ਪ੍ਰਣਾਲੀ ਵੀ ਵਿਕਸਤ ਹੋ ਜਾਂਦੀ ਹੈ। ਓਵੇਂ ਹੀ ਧਰਤੀ ਦੀ ਸੁਰੱਖਿਆ ਲਈ ਉਸਨੇ ਓਜ਼ੋਨ ਪਰਤ ਬਣਾਈ ਹੈ। ਓਜ਼ੋਨ ਪਰਤ ਦੀ ਖ਼ੋਜ 1913 ਵਿੱਚ ਫਰਾਂਸ ਦੇ ਵਿਗਿਆਨੀ ਚਾਰਲਸ ਫੈਬਰੀ ਅਤੇ ਹੈਨਰੀ ਬਿਊਸ਼ਨ ਨੇ ਕੀਤੀ। ਆਕਸੀਜਨ ਦੇ ਤਿੰਨ ਅਣੂ ਜੁੜ ਕੇ ਓਜ਼ੋਨ ਦਾ ਇਕ ਅਣੂ ਬਣਦਾ ਹੈ। ਓਜ਼ੋਨ ਪਰਤ ਧਰਤੀ ਦੇ ਜਨ-ਜੀਵਨ ਅਤੇ ਬਨਸਪਤੀ ਦਾ ਰੱਖਿਆ ਕਵਚ ਹੈ ਇਸ ਤੋਂ ਬਿਨਾ ਧਰਤੀ 'ਤੇ ਜੀਵਨ ਸੰਭਵ ਨਹੀਂ। ਓਜ਼ੋਨ ਪਰਤ ਸੂਰਜ ਤੋਂ ਆਉਣ ਵਾਲੀਆਂ ਖ਼ਤਰਨਾਕ ਪਰਾਬੈਂਗਨੀ ਕਿਰਨਾਂ ਨੂੰ 97 ਤੋਂ 99 ਪ੍ਰਤੀਸ਼ਤ ਤੱਕ ਸੋਖ ਲੈਂਦੀ ਹੈ। ਪਿਛਲੇ 50 ਸਾਲ ਤੋਂ ਵਾਤਾਵਰਨ ਵਿੱਚ ਵੱਧ ਰਹੇ ਪ੍ਰਦੂਸ਼ਣ ਕਰਕੇ ਓਜ਼ੋਨ ਪਰਤ ਨੂੰ ਬਹੁਤ ਨੁਕਸਾਨ ਪੁੱਜਿਆ ਹੈ। ਜਿਸ ਕਰਕੇ ਧਰਤੀ ਉੱਤੇ ਵੱਖ- ਵੱਖ ਬਿਮਾਰੀਆਂ ਦਾ ਖਤਰਾ ਵੱਧ ਗਿਆ ਹੈ। ਪਰਾਬੈਂਗਨੀ ਕਿਰਨਾਂ ਦੇ ਕਾਰਨ ਚਮੜੀ ਦੇ ਅਨੇਕਾਂ ਰੋਗ ਹੋ ਜਾਂਦੇ ਹਨ । ਇਹ ਕਿਰਨਾਂ ਚਮੜੀ ਨੂੰ ਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦੀਆਂ ਹਨ। ਚਮੜੀ ਵਿੱਚ ਜਲਨ ,ਚਮੜੀ ਦਾ ਝੁਲਸਣਾ ਅਤੇ ਕਈ ਪ੍ਰਕਾਰ ਦੇ ਕੈਂਸਰ ਹੋ ਜਾਂਦੇ ਹਨ। ਓਜ਼ੋਨ ਪਰਤ ਵਿੱਚ 1 ਪ੍ਰਤੀਸ਼ਤ ਕਮੀ ਚਮੜੀ ਦੇ ਕੈਂਸਰ ਦਾ ਖਤਰਾ 5 ਪ੍ਰਤੀਸ਼ਤ ਤੱਕ ਵਧਾ ਦਿੰਦੀ ਹੈ। ਇਹਨਾਂ ਕਿਰਨਾਂ ਦੇ ਪ੍ਰਭਾਵ ਕਾਰਨ ਚਮੜੀ ਢਲਣ ਲੱਗਦੀ ਹੈ ਤੇ ਇਨਸਾਨ ਆਪਣੀ ਉਮਰ ਤੋਂ ਜ਼ਿਆਦਾ ਬੁੱਢਾ ਦਿਸਣ ਲੱਗਦਾ ਹੈ। ਪਰਾਬੈਂਗਨੀ ਕਿਰਨਾਂ ਅੱਖਾਂ ਨੂੰ ਬੁਰੀ ਤਰਾਂ ਪ੍ਰਭਾਵਿਤ ਕਰਦੀਆਂ ਹਨ। ਜਿਸ ਕਰਕੇ ਮੋਤੀਆਬਿੰਦ, ਅੰਨ੍ਹਾਪਣ ਅਤੇ ਅੱਖਾਂ ਦੀਆਂ ਹੋਰ ਬਿਮਾਰੀਆਂ ਹੋ ਸਕਦੀਆਂ ਹਨ। ਇਹਨਾਂ ਕਿਰਨਾਂ ਕਰਕੇ ਛਾਤੀ ਵਿੱਚ ਦਰਦ , ਗਲੇ ਵਿੱਚ ਜਲਣ, ਸਾਹ ਲੈਣ ਵਿੱਚ ਮੁਸ਼ਕਿਲ, ਫੇਫੜਿਆਂ ਦੇ ਕੰਮ ਵਿੱਚ ਰੁਕਾਵਟ ਆਦਿ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਨਾਲ ਮਨੁੱਖੀ ਸਰੀਰ ਵਿੱਚ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਧਰਤੀ ਉੱਤੇ ਅਸੀਂ ਇਕੱਲੇ ਨਹੀਂ ਹਾਂ ਪੇੜ-ਪੌਦੇ ਜੀਵ ਜੰਤੂ ਵੀ ਸਾਡੀ ਦੁਨੀਆਂ ਦਾ ਅਹਿਮ ਹਿੱਸਾ ਹਨ। ਪਰਾਬੈਂਗਨੀ ਕਿਰਨਾਂ ਇਹਨਾਂ ਸਭ 'ਤੇ ਖ਼ਤਰਨਾਕ ਪ੍ਰਭਾਵ ਪਾਉਂਦੀਆਂ ਹਨ। ਜੇਕਰ ਓਜ਼ੋਨ ਪਰਤ ਨੂੰ ਨੁਕਸਾਨ ਪੁੱਜਦਾ ਹੈ ਤਾਂ ਜਾਨਵਰ, ਪਸ਼ੂ ਪੰਛੀ ਕੀਟ ਪਤੰਗੇ, ਇਥੋਂ ਤੱਕ ਦੇ ਸਮੁੰਦਰੀ ਜੀਵ ਵੀ ਨਹੀਂ ਬਚਣਗੇ। ਇਹ ਕਿਰਨਾਂ ਸਾਡੀਆਂ ਫ਼ਸਲਾਂ ਨੂੰ ਝੁਲਸਾ ਦੇਣਗੀਆਂ। ਬਨਸਪਤੀ ਤਹਿਸ ਨਹਿਸ ਹੋ ਜਾਵੇਗੀ। ਓਜ਼ੋਨ ਪਰਤ ਦੇ ਨੁਕਸਾਨੇ ਜਾਣ ਕਰਕੇ ਅਸਟ੍ਰੇਲੀਆ ਵਿੱਚ ਚਮੜੀ ਦੇ ਕੈਂਸਰ ਦੇ ਮਾਮਲੇ ਦੁਨੀਆਂ ਵਿੱਚ ਸਭ ਤੋਂ ਵੱਧ ਹਨ। ਧਰਤੀ ਉੱਤੇ ਮਨੁੱਖੀ ਲਾਪਰਵਾਹੀ ਅਤੇ ਸੁੱਖ ਸਹੂਲਤਾਂ ਦਾ ਸਮਾਨ ਓਜ਼ੋਨ ਪਰਤ ਨੂੰ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਹੈ। ਸਾਡੇ ਰੋਜ਼ਾਨਾ ਵਰਤੋਂ ਦੇ ਸਮਾਨ ਰੈਫਰੀਜਰੇਟਰ , ਏਅਰਕੰਡੀਸ਼ਨ, ਫੋਮ, ਰੰਗ ਰੋਗਨ , ਪਲਾਸਟਿਕ ਦੇ ਸਮਾਨ ਕਾਰਨ ਵਾਤਾਵਰਨ ਵਿੱਚ ਖ਼ਤਰਨਾਕ ਰਸਾਇਣ ਅਤੇ ਗੈਸਾਂ ਦਾਖਲ ਹੋ ਜਾਂਦੀਆਂ ਹਨ ਜੋ ਓਜ਼ੋਨ ਨੂੰ ਨਸ਼ਟ ਕਰਦੀਆਂ ਹਨ। ਇਸ ਤੋਂ ਇਲਾਵਾ ਦਰੱਖਤਾਂ ਦੀ ਅੰਧਾਧੁੰਦ ਕਟਾਈ , ਵਾਹਨਾਂ ਦਾ ਪ੍ਰਦੂਸ਼ਣ ਵੀ ਇਸ ਲਈ ਜ਼ਿੰਮੇਵਾਰ ਹੈ। ਖ਼ਤਰਨਾਕ ਗੈਸਾਂ ਜਿਵੇਂ ਹਾਲੋਜਨ, ਮਿਥਾਇਲ ਕੋਲੋਰੋਫਾਮ, ਕਾਰਬਨ ਟੈਟਰਾਕਲੋਰਾਈਡ ਅਤੇ ਖ਼ਾਸ ਕਰ ਕਲੋਰੋਫਲੋਰੋਕਾਰਬਨ ਓਜ਼ੋਨ ਨੂੰ ਨੁਕਸਾਨ ਪਹੁੰਚਾਉਣ ਲਈ ਜ਼ਿੰਮੇਵਾਰ ਹਨ। ਕਲੋਰੋਫਲੋਰੋਕਾਰਬਨ 1995 ਤੋਂ ਪਹਿਲਾਂ ਬਣੇ ਰੈਫਰੀਜਰੇਟਰ ,ਫਰੀਜ਼ਰ, ਅਤੇ ਏਅਰ ਕੰਡੀਸ਼ਨ ਵਿੱਚ ਪਾਈ ਜਾਂਦੀ ਸੀ 1995 ਤੋਂ ਬਾਅਦ ਇਸਦੀ ਵਰਤੋਂ ਨੂੰ ਰੋਕਿਆ ਗਿਆ ਹੈ। ਏਅਰਕੰਡੀਸ਼ਨ ਵਿੱਚ ਪਾਈ ਜਾਣ ਵਾਲੀ 'ਫ਼ਰੀਆਨ' ਗੈਸ ਓਜ਼ੋਨ ਪਰਤ ਲਈ ਬੇਹੱਦ ਖ਼ਤਰਨਾਕ ਹੈ ਇਸਦਾ ਇਕ ਅਣੂ ਓਜ਼ੋਨ ਦੇ ਲੱਖਾਂ ਅਣੂਆਂ ਨੂੰ ਨਸ਼ਟ ਕਰ ਦਿੰਦਾ ਹੈ। ਓਜ਼ੋਨ ਪਰਤ ਦੀ ਰੱਖਿਆ ਲਈ ਹਰ ਮਨੁੱਖ ਨੂੰ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਇਸੇ ਲਈ ਯੂ.ਐਨ.ਓ. ਵੱਲੋ 16 ਸਤੰਬਰ ਨੂੰ ਵਿਸ਼ਵ ਓਜ਼ੋਨ ਦਿਵਸ ਮਨਾਇਆ ਜਾਂਦਾ ਹੈ। ਇਸ ਲਈ ਘਰੇਲੂ ਵਸਤਾਂ ਵਿਚਲੀ ਗੈਸ ਲੀਕ ਨਾ ਹੋਣ ਦਿਓ।

ਸਿੱਖ ਧਰਮ ਵਿਚ ਦਸਵੰਧ



ਸਿੱਖ ਧਰਮ ਵਿਚ ਦਸਵੰਧ ਦਾ ਬਹੁਤ ਹੀ ਸਤਿਕਾਰਤ ਅਤੇ ਆਰਥਿਕ ਮਹੱਤਵ ਹੈ। ਇਸ ਦੀ ਆਰੰਭਤਾ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੱਲੋਂ ਨਵ ਉਸਾਰੀਆਂ ਦੀ ਮੁਕੰਮਲਤਾ ਲਈ ਕੀਤੀ ਗਈ ਸੀ। ਦਸਵੰਧ ਦੀ ਪ੍ਰਥਾ ਅਸਲ ਵਿਚ ਮਸੰਦ ਪ੍ਰਥਾ ਦਾ ਹੀ ਇਕ ਨਿਖ਼ਰਿਆ ਹੋਇਆ ਰੂਪ ਹੈ। ਇਹਇਕ ਨਿਮਾਣੇ ਅਤੇ ਸੱਚੇ ਸਿੱਖ ਲਈ ਆਪਣੀ ਕਿਰਤ-ਕਮਾਈ ਵਿੱਚੋਂ ਗੁਰਮਤਿ ਦੇ ਲੋਕ ਭਲਾਈ ਹਿੱਤ ਕੀਤੇ ਜਾਣ ਵਾਲੇ ਕਾਰਜਾਂ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨਲਈ ਲਾਜ਼ਮੀ ਕੀਤਾ ਗਿਆ ਇਕ ਮਾਲੀ ਯੋਗਦਾਨ ਹੈਜਿਸ ਦਾ ਆਧਾਰ ਬਣਦੇ ਹਨ ਗੁਰੂ ਨਾਨਕ ਦੇਵ ਦੇ ਪਾਵਨ ਬਚਨ 'ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥' ਇਨ੍ਹਾਂ ਬਚਨਾਂ ਨੂੰ ਕਮਾਉਣ ਵਾਲਾਸਿੱਖ ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਗੁਰੂਘਰ ਨੂੰ ਅਰਪਿਤ ਕਰ ਕੇ ਗੁਰੂ ਬਾਬੇ ਦੀਆਂ ਖ਼ੁਸ਼ੀਆਂ ਦਾਪਾਤਰ ਬਣਦਾ ਹੈ। ਕਈ ਵਾਰ ਦਸਵੰਧ ਨੂੰ ਇਕ ਦਾਨ-ਪੁੰਨ ਦੇ ਤੌਰ 'ਤੇਵੀ ਤਸਲੀਮ ਕਰ ਲਿਆ ਜਾਂਦਾ ਹੈ ਪਰ ਦਾਨ ਦੀ ਧਾਰਨਾਕਰਮਕਾਂਡੀ ਵਿਧੀ-ਵਿਧਾਨ ਨਾਲ ਜੁੜੀ ਹੋਈ ਹੋਣ ਕਰਕੇਮਨੁੱਖ ਨੂੰ ਮੁਕਤੀ ਦਾ ਲਾਰਾ ਲਗਾਉਂਦੀ ਹੈ, ਜਿਸ ਦੀ ਸਿੱਖੀ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ। ਇਸ ਦੇ ਨਾਲ ਹੀਦਾਨ ਵਿਹਲੜਾਂ ਅਤੇ ਮੰਗਤਿਆਂ ਨੂੰ ਕਿਰਤ-ਸਭਿਆਚਾਰ ਤੋਂ ਬੇਮੁੱਖ ਕਰੀ ਰੱਖਦਾ ਹੈ। ਦਸਵੰਧ ਦੀ ਰਕਮ ਸਿੱਖਾਂ ਵੱਲੋਂ ਸਵੈ-ਇੱਛਾ ਨਾਲਦਿੱਤੀ ਜਾਂਦੀ ਹੈ ਜੋ ਪਹਿਲ ਦੇ ਆਧਾਰ 'ਤੇ ਰੂਹਾਨੀ ਖ਼ੁਰਾਕ ਦੇਣ ਵਾਲੇ ਧਰਮ ਕਾਰਜਾਂ ਹਿੱਤ ਵਰਤੀ ਜਾਂਦੀਹੈ। ਇਹ ਖ਼ੁਰਾਕ ਸਾਧ-ਸੰਗਤ ਦੇ ਮਿਲਾਪ, ਗੁਰਬਾਣੀਕੀਰਤਨ ਅਤੇ ਗੁਰ ਉਪਦੇਸ਼ ਰਾਹੀਂ ਪ੍ਰਾਪਤ ਹੁੰਦੀ ਹੈ। ਭਾਵੇਂ ਦਸਵੰਧ ਦੀ ਵਧੇਰੇ ਲੋੜ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਮਹਿਸੂਸ ਕੀਤੀ ਗਈ ਹੈ ਪਰ ਇਸਦੀ ਹਾਮੀ ਪੂਰਵਕਾਲੀ ਗੁਰੂ ਸਾਹਿਬਾਨ ਵੱਲੋਂ ਵੀ ਭਰੀ ਗਈ ਹੈ। ਜਦੋਂ ਗੋਇੰਦਵਾਲ ਸਾਹਿਬ ਵਿਖੇ ਅਕਬਰ ਬਾਦਸ਼ਾਹ ਤੀਸਰੇ ਪਾਤਸ਼ਾਹ ਗੁਰੂ ਅਮਰਦਾਸ ਜੀ ਦੇ ਦਰਸ਼ਨ-ਦੀਦਾਰੇ ਕਰਨ ਲਈ ਆਇਆ ਤਾਂ ਉਸ ਨੂੰ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ-ਪਾਣੀ ਛੱਕਣਾ ਪਿਆ। ਗੁਰੂ ਘਰ ਦੀ ਸਾਂਝੀਵਾਲਤਾ ਵਾਲੀ ਇਹ ਮਰਯਾਦਾ ਦੇਖ ਕੇ ਉਹ ਬਹੁਤ ਪ੍ਰਸੰਨਚਿੱਤ ਹੋਇਆ। ਪ੍ਰਸੰਨਤਾ ਦੀ ਪੌੜੀ ਦੇ ਸਿਖਰਲੇ ਡੰਡੇ ਉਪਰ ਜਾ ਕੇ ਅਕਬਰ ਨੇ ਜਦੋਂ ਗੁਰੂ ਅਮਰਦਾਸ ਜੀ ਨੂੰ ਗੁਰੂ ਕੇ ਲੰਗਰ ਵਾਸਤ ਜਗੀਰ ਦੇਣ ਦੀ ਗੱਲ ਕਹੀ ਤਾਂ ਉਨ੍ਹਾਂ ਨੇ ਕਿਹਾ ਕਿ,'ਗੁਰੂ ਕਾ ਲੰਗਰ ਸ਼ਰਧਾਲੂਆਂ ਦੀ ਕਿਰਤ-ਕਮਾਈ ਨਾਲ ਹੀ ਚੱਲਣਾ ਚਾਹੀਦਾ ਹੈ'। ਇਸ ਤੋਂ ਸਾਬਤ ਹੁੰਦਾ ਹੈ ਕਿ ਗੁਰੂਘਰ ਕਿਸੇ ਜਗੀਰ ਜਾਂ ਅਮੀਰ ਦਾ ਮੁਥਾਜ ਨਹੀਂ ਸਗੋਂ ਆਪਣੇ ਸਿਦਕੀ ਸਿੱਖਾਂ ਦੀ ਨੇਕ ਕਮਾਈ 'ਚੋਂ ਨਿਕਲੇ ਦਸਵੰਧ ਜਾਂ ਉਸ ਵਹਿਗੁਰੂ ਦੀ ਬਖ਼ਸ਼ਿਸ਼ ਨਾਲ ਚੱਲਦਾਆ ਰਿਹਾ ਹੈ ਅਤੇ ਚੱਲਦਾ ਰਹੇਗਾ।ਧਰਮ-ਕਰਮ ਦੇ ਪਵਿੱਤਰ ਕਾਰਜਾਂ ਤੋਂ ਇਲਾਵਾ ਦਸਵੰਧ ਦੀ ਰਕਮ ਨਾਲ ਸੰਗਤਾਂ ਦੀ ਸੰਕਟ ਦੇਸਮੇਂ ਲੋੜ ਅਨੁਸਾਰ ਸਹਾਇਤਾ ਵੀ ਕੀਤੀ ਜਾਂਦੀਹੈ। ਇਸ ਦਸਵੰਧ ਦੀ ਮਾਇਆ ਨਾਲ ਹੀ ਭਗਤ ਪੂਰਨ ਸਿੰਘ ਵਰਗੇ ਮਹਾਂਪੁਰਖਾਂ ਨੇ ਨਿਆਸਰਿਆਂ ਨੂੰ ਆਸਰਾ ਦੇਣ ਵਾਲੀ ਪਿੰਗਲਵਾੜੇ ਵਰਗੀ ਮਹਾਨ ਸੰਸਥਾ ਦੀ ਸਥਾਪਨਾ ਕੀਤੀ ਸੀ ਜੋ ਅੱਜਵੀ ਕਈ ਲਾਵਾਰਿਸਾਂ ਦੀ ਵਾਰਿਸ ਬਣੀ ਹੋਈ ਹੈ।ਗੁਰੂ ਕੀ ਗੋਲਕ ਨੂੰ ਗ਼ਰੀਬ ਦਾ ਮੂੰਹ ਮੰਨਿਆ ਗਿਆਹੈ। ਇਸ ਦੇ ਰਾਹੀਂ ਵੀ ਦੀਨ-ਦੁਖੀਆਂ ਅਤੇ ਲੋੜਵੰਦਾਂ ਦੀ ਹਰ ਪ੍ਰਕਾਰ ਦੀ ਮਦਦ ਕੀਤੀ ਜਾ ਸਕਦੀ ਹੈ। ਇਹਮਦਦ ਗੁਰੂ ਸਾਹਿਬਾਨ ਦੇ ਵਕਤਾਂ ਤੋਂ ਹੀ ਹੁੰਦੀ ਆ ਰਹੀ ਹੈ। ਇਹ ਮਦਦ ਵੀ ਨਾਨਕ ਨਾਮ-ਲੇਵਾ ਸੰਗਤਾਂ ਵੱਲੋਂ ਆਪਣੀ ਕਮਾਈ ਨੂੰ ਸਫਲ ਬਣਾਉਣ ਹਿੱਤ ਦਿੱਤੇ ਗਏਦਸਵੰਧ ਉਪਰ ਹੀ ਨਿਰਭਰ ਕਰਦੀ ਹੈ।

• ਰਮੇਸ਼ ਬੱਗਾ ਚੋਹਲਾ

> ਸਿੱਖ ਆਪਣੀ ਨੇਕ ਕਮਾਈ ਦਾ ਦਸਵਾਂ ਹਿੱਸਾ ਗੁਰੂਘਰ ਨੂੰ ਅਰਪਿਤ ਕਰ ਕੇ ਗੁਰੂ ਬਾਬੇ ਦੀਆਂ ਖ਼ੁਸ਼ੀਆਂ ਦਾਪਾਤਰ ਬਣਦਾ ਹੈ। ਕਈ ਵਾਰ ਦਸਵੰਧ ਨੂੰ ਇਕ ਦਾਨ-ਪੁੰਨ ਦੇ ਤੌਰ 'ਤੇਵੀ ਤਸਲੀਮ ਕਰ ਲਿਆ ਜਾਂਦਾ ਹੈ ਪਰ ਦਾਨ ਦੀ ਧਾਰਨਾਕਰਮਕਾਂਡੀ ਵਿਧੀ-ਵਿਧਾਨ ਨਾਲ ਜੁੜੀ ਹੋਈ ਹੋਣ ਕਰਕੇਮਨੁੱਖ ਨੂੰ ਮੁਕਤੀ ਦਾ ਲਾਰਾ ਲਗਾਉਂਦੀ ਹੈ, ਜਿਸ ਦੀ ਸਿੱਖੀ ਸਿਧਾਂਤ ਵਿਚ ਕੋਈ ਥਾਂ ਨਹੀਂ ਹੈ।

The ONLY temple in the world outside India
dedicated to Shri Shani Maharaj

Shri SHANI DEV Mandir, New York
Sarvamangala Shri SANEESWARA Temple, New York

Regular Poojas' and Homas' are conducted on daily basis:

Special Poojas:

+ Sri Saneeswara homam
+ Sri Saneeswara - parikara pooja
+ Sri Saneeswara harati
+ Sri Navagraha Homa
+ Poornima: vrata Pooja
+ Pradosham Pooja
+ Sri Sankatahara chaturthi Pooja
+ Sri Satyanarayana Vratha
+ Birthdays / Weddings / Upanayanam & More... ....

1616 Hillside Avenue, Temple Suits
New Hyde Park NY 11040
Ph: 718 740 9400 / 516 358 9400
Email: temple.navagraha@gmail.com

Temple Hours: 8.00 am to 9.00 pm

The Temple entrance is in the western side parking lot behind Hot Breads & Maharajas in New Hyde Park NY

Functions of the space:
Temple / Community Events / Senior Social Day Care Center / Art & Music School / Library / Spiritual Lounge / Gift Shop

www.NavagrahaUSA.com

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦਾ ਤਰਜ਼ਮਾਨ
ਪੰਜਾਬੀ ਦੁਨੀਆ
Since April 2005 Editor : Sharnjit Singh Thind PUNJABI DUNIYA Weekly
ਵਿੱਦਿਅਕ ਢਾਂਚੇ 'ਤੇ ਵਿਅੰਗ ਕਰਦੀ ਫਿਲਮ 'ਦੋ ਦੂਣੀ ਪੰਜ'
Vol. 14 Issue 15 Wednesday 02 Jan to 08 Jan, 2019 www.PUNJABIDUNIYA.com Published Weekly from New York

ਪੰਜਾਬੀ ਨੌਜਵਾਨਾਂ ਨੇ ਵਿਦੇਸ਼ ਉਡਾਰੀ ਮਾਰਨ ਲਈ ਖਰਚੇ 27000 ਕਰੋੜ

ਸੱਜਣ ਕੁਮਾਰ ਨੂੰ ਸਿੱਖਾਂ ਕੋਲੋਂ ਬਚਾ-ਬਚਾ ਕੇ ਰੱਖੇਗਾ ਜੇਲ੍ਹ ਪ੍ਰਸ਼ਾਸਨ

ਨਵੇਂ ਸਾਲ ਮੌਕੇ ਅਮਰੀਕੀ ਫੌਜ ਨੇ ਬੰਬ ਦਾ ਟਵੀਟ ਕਰਨ ਲਈ ਮੰਗੀ ਮੁਆਫ਼ੀ

ਭਾਰਤ ਸਰਕਾਰ ਨੇ ਖਾਲਿਸਤਾਨ ਲਿਬਰੇਸ਼ਨ ਫੋਰਸ ਤੇ ਪਾਬੰਦੀ ਲਾਈ

Insurance
Property & Casualty
(See Full Page Advt. on Page 31)
Business, Liability, Disability, Workers Comp., E & O, Auto, Home,
917-612-3158
www.whitestonecorpusa.com

ਪੁਰਾਣੇ ਬਾਗਾਂ ਨੂੰ ਸੁਰਜੀਤ ਕਿਵੇਂ ਕਰੀਏ

ਭਾਰਤ ਵਿੱਚ ਅੰਬ, ਅਮਰੂਦ, ਬੇਰ ਆਦਿ ਦੀ ਉਤਪਾਦਕਤਾ ਸਮਰੱਥਾ ਨਾਲੋਂ ਬਹੁਤ ਘੱਟ ਹੈ, ਜਿਸ ਦਾ ਕਾਰਨ ਪੁਰਾਣੇ ਅਤੇ ਅਣਗੌਲੇ ਬਾਗਾਂ ਦੀ ਮੌਜੂਦਗੀ ਨੂੰ ਮੰਨਿਆ ਜਾ ਸਕਦਾ ਹੈ। ਇਸ ਦਾ ਮੁੱਖ ਕਾਰਨ ਜ਼ਿਆਦਾਤਰ ਬਾਗਾਂ ਦਾ ਪੁਰਾਣਾ, ਬਹੁਤ ਉੱਚੇ ਅਤੇ ਅਣਗੌਲੀ ਛਤਰੀ ਵਾਲੇ ਦਰੱਖਤਾਂ ਦਾ ਹੋਣਾ, ਸਹੀ ਕਾਂਟ-ਛਾਂਟ ਨਾ ਹੋਣਾ, ਜ਼ਮੀਨੀ ਨੁਕਸ, ਪਾਣੀ ਦਾ ਨਿਕਾਸ ਠੀਕ ਨਾ ਹੋਣਾ, ਠੀਕ ਸੰਭਾਲ ਨਾ ਹੋਣਾ, ਮਾੜੀ ਖੁਰਾਕ, ਕੀੜੇ-ਮਕੌੜੇ, ਨਿਮਾਟੋਡ ਅਤੇ ਬਿਮਾਰੀਆਂ ਆਦਿ ਹੋ ਸਕਦੇ ਹਨ। ਅਜਿਹੇ ਬਾਗਾਂ ਦੀਆਂ ਟਹਿਣੀਆਂ ਆਪਸ ਵਿੱਚ ਫਸ ਜਾਂਦੀਆਂ ਹਨ, ਪੱਤੇ ਬਹੁਤ ਘਟ ਜਾਂਦੇ ਹਨ ਅਤੇ ਦਰੱਖਤਾਂ ਦੇ ਅੰਦਰੂਨੀ ਭਾਗਾਂ ਵਿੱਚ ਰੌਸ਼ਨੀ ਬਹੁਤ ਘੱਟ ਪਹੁੰਚਦੀ ਹੈ ਜਿਸ ਨਾਲ ਹੌਲੀ-ਹੌਲੀ ਇਹਨਾਂ ਦੀ ਛਤਰੀ ਅੰਦਰੋਂ ਖਾਲੀ ਹੋ ਜਾਂਦੀ ਹੈ ਅਤੇ ਇਸ ਦੇ ਨਾਲ ਸਿਰਫ ਫ਼ਲਾਂ ਦਾ ਝਾੜ ਹੀ ਨਹੀਂ ਘਟਦਾ ਸਗੋਂ ਫ਼ਲ ਦਾ ਆਕਾਰ ਅਤੇ ਗੁਣਵੱਤਾ ਵੀ ਕਾਫੀ ਘੱਟ ਜਾਂਦੀ ਹੈ। ਇਸ ਤੋਂ ਇਲਾਵਾ ਇਸ ਤਰ੍ਹਾਂ ਦੇ ਦਰਖੱਤਾਂ ਦੀ ਸਾਂਭ-ਸੰਭਾਲ ਜਿਵੇਂ ਕਿ ਕਾਂਟ-ਛਾਂਟ, ਸਪਰੇਅ, ਤੁੜਾਈ ਕਰਨਾ ਆਦਿ ਬਹੁਤ ਔਖਾ ਹੋ ਜਾਂਦਾ ਹੈ। ਆਮ ਤੌਰ ’ਤੇ ਕਿਸਾਨਾਂ ਨੇ ਅਜਿਹੇ ਬਾਗਾਂ ਨੂੰ ਪੁੱਟ ਕੇ ਖਾਲੀ ਜ਼ਮੀਨ ਦਾ ਇਸਤੇਮਾਲ ਨਵੇਂ ਪੌਦੇ ਲਈ ਜਾਂ ਹੋਰ ਸਲਾਨਾ ਫਸਲਾਂ ਦੀ ਕਾਸ਼ਤ ਲਈ ਕਰਨ ਦੀ ਸੋਚਦੇ ਹਨ। ਅਸੀਂ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਫਲਾਂ ਦੇ ਪੌਦੇ 5-10 ਸਾਲਾਂ ਦੇ ਬਾਅਦ ਵਪਾਰਕ ਪੱਧਰ ਦੀ ਫਸਲ ਦਿੰਦੇ ਹਨ ਅਤੇ ਇਸ ਲਈ ਪੁਰਾਣੇ ਬਾਗ ਨੂੰ ਉਖਾੜ ਕੇ ਨਾ ਸਿਰਫ ਬਾਗਬਾਨ ਆਮਦਨ ਤੋਂ ਵਾਂਝਾ ਹੋ ਜਾਂਦਾ, ਸਗੋਂ ਵਾਤਾਵਰਨ ’ਤੇ ਵੀ ਬੁਰਾ ਅਸਰ ਪੈਂਦਾ ਹੈ। ਢੁਕਵੇਂ ਪ੍ਰਬੰਧਨ ਨਾਲ ਅਜਿਹੇ ਪੌਦਿਆਂ ਨੂੰ ਮੁੜ ਸੁਰਜੀਤ ਕਰਨਾ ਸੰਭਵ ਹੈ। ਬਾਗਾਂ ਦੀ ਉਤਪਾਦਕਤਾ ਮੁੜ ਤੋਂ ਵਧਾਈ ਜਾ ਸਕਦੀ ਅਤੇ ਦਰੱਖਤਾਂ ਦਾ ਢਾਂਚਾ ਮੁੜ ਤੋਂ ਸੋਧਿਆ ਜਾ ਸਕਦਾ ਹੈ। ਬਾਗਬਾਨ ਅਜਿਹੇ ਬਾਗਾਂ ਤੋਂ ਲੰਮੀ ਮਿਆਦ ਲਈ ਨਿਯਮਤ ਆਮਦਨ ਪ੍ਰਾਪਤ ਕਰ ਸਕਦੇ ਹਨ। ਫਲ ਦੇ ਰੁੱਖਾਂ ਦੀ ਫਲ ਦੇਣ ਦੀ ਸਮਰੱਥਾ ਇਸ ਦੇ ਢਾਂਚੇ, ਛਤਰੀ ਦੇ ਫਲਾਅ, ਅਤੇ ਪ੍ਰਕਾਸ਼-ਸੰਸਲੇਸ਼ਣ ਪ੍ਰਕਿਰਿਆ ਕਰਨ ਦੀ ਕਾਰਜਕੁਸ਼ਲਤਾ ’ਤੇ ਨਿਰਭਰ ਕਰਦੀ ਹੈ। ਇਸ ਲਈ ਕਾਂਟ-ਛਾਂਟ ਰਾਹੀਂ ਰੁੱਖਾਂ ਨੂੰ ਪੁਨਰ ਸੁਰਜੀਤ ਸਭ ਤੋਂ ਵਧੀਆ ਵਿਕਲਪ ਹੋ ਸਕਦਾ ਹੈ। ਇਹ ਤਕਨਾਲੋਜੀ ਨਾਲ ਨਾ ਸਿਰਫ ਪੁਰਾਣੇ ਰੁੱਖਾਂ ਦੀ ਉਤਪਾਦਕਤਾ ਨੂੰ ਬਹਾਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ, ਛਤਰੀ ਦੇ ਜ਼ਿਆਦਾ ਵਾਧੂ ਫੈਲਾਅ ਕੱਟਣ ਨਾਲ ਯੋਗ ਧੁੱਪ ਅਤੇ ਹਵਾ ਰੁਖ ਦੇ ਅੰਦਰੂਨੀ ਹਿੱਸੇ ਤੱਕ ਪਹੁੰਚਦੀ ਹੈ ਅਤੇ ਜ਼ਿਆਦਾ ਫੁੱਲ-ਫਲਾਕਾ ਅਤੇ ਚੰਗਾ ਝਾੜ ਪ੍ਰਾਪਤ ਹੁੰਦਾ ਹੈ। ਨਵਿਆਏ ਦਰੱਖਤ ਚੰਗਾ ਝਾੜ ਦੇਣ ਲੱਗ ਜਾਂਦੇ ਹਨ ਅਤੇ ਫਲਾਂ ਦੇ ਅਕਾਰ ਅਤੇ ਗੁਣਵੱਤਾ ਵਿੱਚ ਵੀ ਚੋਖਾ ਵਾਧਾ ਹੋ ਜਾਂਦਾ ਹੈ। ਇਸ ਤੋਂ ਇਲਾਵਾ ਦਰੱਖਤਾਂ ਦੀ ਛਤਰੀ ਵੀ ਕਾਫੀ ਛੋਟੀ ਹੋ ਜਾਂਦੀ ਹੈ ਜਿਸ ਨਾਲ ਇਹਨਾਂ ਦੀ ਸਾਂਭ-ਸੰਭਾਲ,ਡਫਕਾਂਟ-ਛਾਂਟ, ਛਿੜਕਾਅ ਅਤੇ ਫਲਾਂ ਦੀ ਤੁੜਾਈ ਬਹੁਤ ਸੁਖਾਲੀ ਹੋ ਜਾਂਦੀ ਹੈ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਨੇ ਪੁਰਾਣੇ ਬਾਗਾਂ ਦੀ ਉਤਪਾਦਨ ਸਮਰੱਥਾ ਨੂੰ ਬਹਾਲ ਕਰਨ ਲਈ ਤਕਨੀਕਾਂ ਤਿਆਰ ਕੀਤੀਆਂ ਹਨ ਜਿਨ੍ਹਾਂ ਦਾ ਵਿਸਥਾਰ ਹੇਠ ਲਿਖੇ ਅਨੁਸਾਰ ਹੈ:

ਸੁੱਕੀਆਂ ਟਾਹਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ ਅਤੇ 2:2:250 ਬੋਰਡੋ ਮਿਸ਼ਰਣ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਟੱਕਾਂ ਅਤੇ ਤਣੇ ਉੱਪਰ ਬੋਰਡੋ ਪੇਂਟ ਲਗਾ ਦੇਣੀ ਚਾਹੀਦੀ ਹੈ। ਇੱਕ ਹਫ਼ਤੇ ਪਿੱਛੋਂ ਤਣਿਆਂ ’ਤੇ ਵੀ ਬੋਰਡੋ ਪੇਸਟ ਲਗਾ ਦੇਣੀ ਚਾਹੀਦੀ ਹੈ। ਸਿਫ਼ਾਰਿਸ਼ ਕੀਤੀ ਮਾਤਰਾ ਅਨੁਸਾਰ ਖਾਦਾਂ ਪਾਉਣੀਆਂ ਚਾਹੀਦੀਆਂ ਹਨ ਅਤੇ ਬੂਟੇ ਨੂੰ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਸੁਰੱਖਿਆ ਲਈ ਸਿਫ਼ਾਰਸ਼ ਕੀਤੇ ਛਿੜਕਾਅ ਕਰਨੇ

ਨਿੰਬੂ ਜਾਤੀ ਦੇ ਬਾਗਾਂ ਨੂੰ ਸੁਰਜੀਤ ਕਰਨ ਦੇ ਢੰਗ: ਸੁੱਕੇ ਅਤੇ ਮਰ ਰਹੇ ਬੂਟਿਆਂ ਦੀਆਂ ਜਨਵਰੀ ਤੋਂ ਫਰਵਰੀ ਵਿੱਚ ਪੱਤੇ ਫੁੱਟਣ ਤੋਂ ਪਹਿਲਾਂ ਸੁੱਕੀਆਂ ਟਾਹਣੀਆਂ ਕੱਟ ਦੇਣੀਆਂ ਚਾਹੀਦੀਆਂ ਹਨ ਅਤੇ 2:2:250 ਬੋਰਡੋ ਮਿਸ਼ਰਣ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਟੱਕਾਂ ਅਤੇ ਤਣੇ ਉੱਪਰ ਬੋਰਡੋ ਪੇਂਟ ਲਗਾ ਦੇਣੀ ਚਾਹੀਦੀ ਹੈ। ਇੱਕ ਹਫ਼ਤੇ ਪਿੱਛੋਂ ਤਣਿਆਂ ’ਤੇ ਵੀ ਬੋਰਡੋ ਪੇਸਟ ਲਗਾ ਦੇਣੀ ਚਾਹੀਦੀ ਹੈ। ਸਿਫ਼ਾਰਿਸ਼ ਕੀਤੀ ਮਾਤਰਾ ਅਨੁਸਾਰ ਖਾਦਾਂ ਪਾਉਣੀਆਂ ਚਾਹੀਦੀਆਂ ਹਨ ਅਤੇ ਬੂਟੇ ਨੂੰ ਕੀੜੇ-ਮਕੌੜੇ ਅਤੇ ਬਿਮਾਰੀਆਂ ਤੋਂ ਸੁਰੱਖਿਆ ਲਈ ਸਿਫ਼ਾਰਸ਼ ਕੀਤੇ ਛਿੜਕਾਅ ਕਰਨੇ ਚਾਹੀਦੇ ਹਨ। ਅਪ੍ਰੈਲ, ਜੂਨ ਅਤੇ ਸਤੰਬਰ ਵਿੱਚ ਨਵੀਂ ਫੋਟ ’ਤੇ ਜਦੋਂ ਪੱਤਿਆਂ ਦਾ ਆਕਾਰ 2/3 ਹੋ ਗਿਆ ਹੋਵੇ, ਡੇਢ ਕਿਲੋ ਜ਼ਿੰਕ ਸਲਫ਼ੇਟ 500 ਲਿਟਰ ਪਾਣੀ ਵਿੱਚ ਘੋਲ ਕੇ ਅਤੇ ਬੋਰਡੋ ਮਿਸ਼ਰਣ ਦਾ ਛਿੜਕਾਅ ਕਰੋ। ਦੋਵਾਂ ਛਿੜਕਾਵਾਂ ਵਿੱਚ ਘੱਟੋ-ਘੱਟ ਇੱਕ ਹਫ਼ਤੇ ਦਾ ਫ਼ਰਕ ਜ਼ਰੂਰ ਰੱਖੋ। ਜਿਹੜੇ ਬੂਟੇ ਬਹੁਤ ਉੱਚੇ ਚਲੇ ਗਏ ਹੋਣ, ਉਨ੍ਹਾਂ ਵਿੱਚ ਸਿਰਫ਼ ਸਿਰਿਆਂ ’ਤੇ ਹੀ ਫ਼ਲ ਲੱਗਦਾ ਹੈ ਅਤੇ ਵਿਚਕਾਰੋਂ ਸਾਰਾ ਖਾਲੀ ਰਹਿ ਜਾਂਦਾ ਹੈ। ਇਸ ਸਮੇਂ ਅੱਧ ਜੁਲਾਈ ਵਿੱਚ ਬੂਟੇ ਨੂੰ ਦੂਸਰੇ ਦਰਜੇ ਦੀਆਂ ਟਾਹਣੀਆਂ ਥੋੜ੍ਹੀਆਂ ਰੱਖ ਕੇ ਉੱਪਰੋਂ ਕੱਟ ਦਿਉ। ਇਸ ਤਰ੍ਹਾਂ ਦੁਬਾਰਾ ਬੂਟੇ ਵਿੱਚ ਚੰਗੀ ਫੁਟਾਰ ਆਵੇਗੀ ਅਤੇ ਫਲ ਵੀ ਵਧੇਗਾ।

ਅਮਰੂਦਾਂ ਦੇ ਪੁਰਾਣੇ ਬੂਟਿਆਂ ਨੂੰ ਨਰੋਆ ਕਰਨਾ : ਅਮਰੂਦਾਂ ਦੇ ਪੁਰਾਣੇ ਘੱਟ ਝਾੜ ਦੇਣ ਵਾਲੇ ਅਤੇ ਅਣਗੌਲੀ, ਉੱਚੀ ਛਤਰੀ ਵਾਲੇ ਦਰਖਤਾਂ ਨੂੰ ਮਾਰਚ ਦੇ ਮਹੀਨੇ ਜ਼ਮੀਨ ਤੋਂ ਤਕਰੀਬਨ 1.5 ਮੀਟਰ ਉਚਾਈ ਤੋਂ ਕੱਟ ਦੇਣਾ ਚਾਹੀਦਾ ਹੈ ਅਤੇ ਕੱਟੇ ਹੋਏ ਤਣਿਆਂ ’ਤੇ ਬੋਰਡੋ ਪੇਸਟ ਲਗਾ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਕੱਟੇ ਹੋਏ ਤਣਿਆਂ ਦੁਆਲੇ ਨਵੀਆਂ ਸ਼ਖਾਵਾਂ ਨਿੱਕਲ ਆਉਂਦੀਆਂ ਹਨ। ਅਗਸਤ ਦੇ ਮਹੀਨੇ ਨਵੀਆਂ ਫੁੱਟੀਆਂ ਸ਼ਖਾਵਾਂ ਨੂੰ ਅੱਧ ਵਿਚਕਾਰੋਂ ਕੱਟ ਦੇਣਾ ਚਾਹੀਦਾ ਹੈ ਅਤੇ ਸੰਘਣੀਆਂ ਅਤੇ ਆਪਸ ਵਿੱਚ ਫਸਦੀਆਂ ਟਹਿਣੀਆਂ ਨੂੰ ਕੱਢ ਦੇਣਾ ਚਾਹੀਦਾ ਹੈ। ਇਸ ਤਰੀਕੇ ਨਾਲ ਕੱਟੀਆਂ ਸ਼ਖਾਵਾਂ ਵਿੱਚੋਂ ਹੋਰ ਨਵੀਆਂ ਸ਼ਾਖਾਵਾਂ ਨਿੱਕਲ ਆਉਂਦੀਆਂ ਹਨ। ਇਹਨਾਂ ਸ਼ਾਖਾਵਾਂ ’ਤੇ ਸਿਆਲੂ ਰੁੱਤ ਦੀ ਫਸਲ ਲਈ ਫੁੱਲ ਅਤੇ ਫਲ ਲੱਗਣੇ ਸ਼ੁਰੂ ਹੋ ਜਾਂਦੇ ਹਨ। ਨਵੀਨੀਕਰਨ ਕੀਤੇ ਗਏ ਦਰੱਖਤਾਂ ਦੀ ਸਿੰਚਾਈ ਅਤੇ ਖਾਦ ਪ੍ਰਬੰਧ ਵੱਲੋਂ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ ।

ਅੰਬਾਂ ਦੇ ਪੁਰਾਣੇ ਬੂਟਿਆਂ ਨੂੰ ਨਵਾਂ ਨਰੋਆ ਕਰਨਾ : ਅੰਬਾਂ ਦੇ 20-25 ਸਾਲ ਪੁਰਾਣੇ ਬੂਟੇ ਜਿਨ੍ਹਾਂ ਨੂੰ ਘੱਟ ਫ਼ਲ ਲੱਗਦਾ ਹੋਵੇ, ਦੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ। ਜਨਵਰੀ ਦੇ ਮਹੀਨੇ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ, ਜੋ ਕਿ ਕਾਫੀ ਵਿੱਥ ’ਤੇ ਹੋਣ, 15 ਸੈਂਟੀਮੀਟਰ ਲੰਬਾਈ ਰੱਖ ਕੇ ਕੱਟ ਦਿਉ। ਬਾਕੀ ਦੇ ਸਾਰੇ ਟਾਹਣੇ ਕੱਟ ਦਿਉ। ਕੱਟੇ ਹੋਏ ਥਾਵਾਂ ’ਤੇ ਬੋਰਡੋ ਪੇਂਟ ਲਗਾ ਦਿਉ। ਮਾਰਚ ਦੇ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖਾਵਾਂ ਆ ਜਾਂਦੀਆਂ ਹਨ। ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵੱਧ ਰਹੀਆਂ ਟਾਹਣੀਆਂ ਰੱਖ ਲਉ। ਇਸ ਤਰ੍ਹਾਂ ਹਰ ਬੂਟੇ ’ਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ। ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫ਼ਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫ਼ਲ ਦਿੰਦੇ ਹਨ।

ਨਾਸ਼ਪਾਤੀ ਦੇ ਪੁਰਾਣੇ ਬੂਟਿਆਂ ਨੂੰ ਨਰੋਆ ਕਰਨਾ : ਪੁਰਾਣੇ ਬੂਟੇ ਜਿਨ੍ਹਾਂ ਨੂੰ ਘੱਟ ਫਲ ਲੱਗਦਾ ਹੋਵੇ, ਦੀ ਕਾਂਟ-ਛਾਂਟ ਕਰ ਦੇਣੀ ਚਾਹੀਦੀ ਹੈ। ਦਸੰਬਰ ਦੇ ਮਹੀਨੇ ਪੁਰਾਣੇ ਬੂਟਿਆਂ ਦੀਆਂ ਪ੍ਰਮੁੱਖ 3-4 ਟਾਹਣੀਆਂ ਨੂੰ, ਜੋ ਕਿ ਕਾਫੀ ਵਿੱਥ ’ਤੇ ਹੋਣ, 15 ਸੈਂਟੀਮੀਟਰ ਲੰਬਾਈ ਰੱਖ ਕੇ ਕੱਟ ਦਿਉ। ਬਾਕੀ ਦੇ ਸਾਰੇ ਟਾਹਣੇ ਕੱਟ ਦਿਉ। ਕੱਟੇ ਹੋਏ ਥਾਵਾਂ ’ਤੇ ਬੋਰਡੋ ਪੇਂਟ ਲਾ ਦਿਉ। ਮਾਰਚ ਦੇ ਮਹੀਨੇ ਵਿੱਚ ਇਨ੍ਹਾਂ ਕੱਟੀਆਂ ਹੋਈਆਂ ਟਾਹਣੀਆਂ ਉੱਤੇ ਕਾਫ਼ੀ ਨਵੀਆਂ ਸ਼ਾਖਾਵਾਂ ਆ ਜਾਂਦੀਆਂ ਹਨ। ਮਈ ਦੇ ਮਹੀਨੇ ਇਨ੍ਹਾਂ 3-4 ਟਾਹਣੀਆਂ ਉੱਤੇ 1-2 ਬਾਹਰ ਵੱਲ ਨੂੰ ਵਧ ਰਹੀਆਂ ਟਾਹਣੀਆਂ ਰੱਖ ਲਉ। ਇਸ ਤਰ੍ਹਾਂ ਹਰ ਬੂਟੇ ’ਤੇ ਕੁੱਲ 6-8 ਟਾਹਣੀਆਂ ਰਹਿ ਜਾਣਗੀਆਂ। ਇਸ ਤਰ੍ਹਾਂ ਦੇ ਬੂਟੇ ਤੀਜੇ ਸਾਲ ਫਲ ਦੇਣ ਲੱਗ ਪੈਂਦੇ ਹਨ ਅਤੇ ਪੰਜਵੇਂ ਸਾਲ ਭਰਵਾਂ ਫ਼ਲ ਦਿੰਦੇ ਹਨ।

ਬੇਰ ਦੇ ਪੁਰਾਣੇ ਬੂਟਿਆਂ ਨੂੰ ਨਰੋਆ ਕਰਨਾ : 25 ਸਾਲਾਂ ਦੀ ਉਮਰ ਦੇ ਬਾਅਦ ਬੇਰਾਂ ਦੇ ਬੂਟਿਆਂ ਨੂੰ ਨਰੋਆ ਕਰਨ ਦੀ ਲੋੜ ਪੈਂਦੀ ਹੈ। ਬੇਰ ਦੇ ਦੱਰਖਤਾਂ ਦੀ ਹਰ ਵਰ੍ਹੇ ਜੇਕਰ ਕਾਂਟ-ਛਾਂਟ ਠੀਕ ਨਾ ਕੀਤੀ ਜਾਵੇ ਤਾਂ ਕੁੱਝ ਵਰ੍ਹਿਆਂ ਲਈ ਫਸਲ ਦੇਣ ਤੋਂ ਬਾਅਦ ਉਨ੍ਹਾਂ ਦੇ ਫ਼ਲ ਛੋਟੇ ਅਤੇ ਪੈਦਾਵਾਰ ਘੱਟ ਹੋ ਜਾਂਦੀ ਹੈ। ਅਜਿਹੇ ਦੱਰਖਤ ਕਾਂਟ-ਛਾਂਟ ਕਰਕੇ ਮੁੜ ਸੁਰਜੀਤ ਕੀਤੇ ਜਾ ਸਕਦੇ ਹਨ। ਇਸ ਵਾਸਤੇ ਮੁੱਖ ਟਾਹਣੀਆਂ ਨੂੰ 30 ਸੈਂਟੀਮੀਟਰ ਰੱਖ ਕੇ, ਕਟਾਈ ਮਈ ਦੇ ਦੂਜੇ ਪੰਦਰਵਾੜੇ ਦੌਰਾਨ ਕਰੋ। ਕਾਂਟ ਛਾਂਟ ਤੋਂ ਬਾਅਦ ਦਰੱਖਤਾਂ ’ਤੇ (0.2 ਫੀਸਦੀ) ਕੈਪਟਾਨ ਦਾ ਛਿੜਕਾਅ ਕਰਨਾ ਚਾਹੀਦਾ ਹੈ। ਜੁਲਾਈ ਵਿੱਚ ਵਰਖਾ ਸ਼ੁਰੂ ਹੋਣ ਦੇ ਨਾਲ ਨਾਈਟ੍ਰੋਜਨ ਖਾਦ ਦੀ ਇੱਕ ਤਕੜੀ ਖੁਰਾਕ ਤਕਰੀਬਨ ਇੱਕ ਕਿਲੋ ਖਾਲਸ ਨਾਈਟ੍ਰੋਜਨ 12-15 ਸਾਲ ਪੁਰਾਣੇ ਰੁੱਖਾਂ ਨੂੰ ਦੇਣੀ ਚਾਹੀਦੀ ਹੈ ਦਰੱਖਤਾਂ ਨੂੰ ਫੁੱਲ ਨਿੱਕਲਣ ਤੋਂ ਪਹਿਲਾਂ ਅਗਸਤ-ਸਤੰਬਰ ਵਿੱਚ 0.05 ਫੀਸਦੀ ਕੈਰਾਥੇਨ ਦਾ ਦੋ-ਤਿੰਨ ਵਾਰੀ ਛਿੜਕਾਅ ਕਰਨਾ ਚਾਹੀਦਾ ਹੈ। ਕਾਂਟ-ਛਾਂਟ ਦੇ ਮੁਤਾਬਿਕ ਪਹਿਲੇ ਸਾਲ ਭਾਵੇਂ 30-50 ਫੀਸਦੀ ਝਾੜ ਘਟੇਗਾ ਪਰ ਅਗਲੇ ਸਾਲਾਂ ਵਿੱਚ ਦਰੱਖਤ ਫਿਰ ਪੂਰਾ ਝਾੜ ਅਤੇ ਚੰਗੇ ਫ਼ਲ ਦੇਣਾ ਸ਼ੁਰੂ ਕਰ ਦੇਣਗੇ। ਇਹ ਬੂਟੇ ਤੀਜੇ ਸਾਲ ’ਤੇ ਵਪਾਰਕ ਪੱਧਰ ਦੀ ਵੱਧ ਝਾੜ ਦੇਣ ਵਾਲੀ ਫ਼ਸਲ ਅਤੇ ਚੰਗੇ ਗੁਣਾਂ ਵਾਲੇ ਫ਼ਲ ਦੇਣਾ ਸ਼ੁਰੂ ਕਰ ਦਿੰਦੇ ਹਨ।

ਅੰਗੂਰਾਂ ਦੀਆਂ ਪੁਰਾਣੀਆਂ ਵੇਲਾਂ ਨੂੰ ਮੁੜ ਸੁਰਜੀਤ ਕਰਨਾ: ਬਾਵਰ ਢੰਗ ’ਤੇ ਵਿਕਸਿਤ ਕੀਤੀਆਂ ‘ਪਰਲਿਟ’ ਦੀਆਂ ਪੁਰਾਣੀਆਂ ਵੇਲਾਂ ਦਾ ਨਵੀਨੀਕਰਨ ਜਾਂ ਮੁੜ ਸੁਰਜੀਤ ਸਫ਼ਲਤਾ ਪੂਰਵਕ ਕੀਤਾ ਜਾ ਸਕਦਾ ਹੈ। ਪਰਲਿਟ ਕਿਸਮ ਦੀਆਂ ਵੇਲਾਂ ਜਿੱਥੋਂ ਮੁੱਢਲੀਆਂ ਟਹਿਣੀਆਂ ਸ਼ੁਰੂ ਹੋਣ ਤੋਂ ਇੱਕ ਫੁੱਟ ਛੱਡ ਕੇ ਦਸੰਬਰ-ਜਨਵਰੀ ਵਿੱਚ ਕੱਟ ਦਿਉ। ਬੋਰਡੋ ਪੇਸਟ ਦਾ ਲੇਪ ਇਹਨਾਂ ਕੱਟੇ ਮੁੱਢਾਂ ’ਤੇ ਜ਼ਰੂਰ ਲਗਾਉ। ਕੇਵਲ ਸਿਹਤਮੰਦ ਵੇਲਾਂ ਦਾ ਹੀ ਨਵੀਨੀਕਰਨ ਕਰਨਾ ਚਾਹੀਦਾ ਹੈ। ਦੂਜੇ ਸ਼ਬਦਾਂ ਵਿੱਚ ਖਰਾਬ ਵੇਲਾਂ ਜਿਹਨਾਂ ਦਾ ਤਣਾ ਖਾਲੀ ਹੋਵੇ, ਜਾਂ ਸਿਉਂਕ ਦਾ ਖਾਧਾ ਹੋਵੇ ਨੂੰ ਪੁੱਟ ਦੇਣਾ ਚਾਹੀਦਾ ਹੈ। ਫੁਟਾਰ ਆਉਣ ਦੇ ਨਾਲ, ਮਾਰਚ ਵਿੱਚ ਅੱਖਾਂ ਦਾ ਫੁਟਾਰਾ ਸ਼ੁਰੂ ਹੋ ਜਾਂਦਾ ਹੈ ਅਤੇ ਇੱਕ ਫੁੱਟ ਰੱਖੇ ਮੁੱਢਾਂ ਉੱਪਰ ਨਵੀਆਂ ਪੁੰਗਾਰਾਂ ਸ਼ੁਰੂ ਹੋ ਜਾਂਦੀਆਂ ਹਨ। ਇਸ ਫੁਟਾਰੇ ਨੂੰ ਕਿਸੇ ਰੋਕ-ਟੋਕ ਤੋਂ ਬਿਨਾਂ ਸਾਰਾ ਸਾਲ ਵਧਣ ਦੇਣਾ ਚਾਹੀਦਾ ਹੈ। ਕੀਟ ਅਤੇ ਬਿਮਾਰੀ ਪ੍ਰਬੰਧ ਲਈ ਯੂਨੀਵਰਸਿਟੀ ਵੱਲੋਂ ਸਿਫਾਰਿਸ਼ ਕੀਤੀਆਂ ਤਕਨੀਕਾਂ ਨੂੰ ਅਪਣਾਉ। ਮੁੱਢਲੇ ਤੌਰ ’ਤੇ ਨਵੀਂਆਂ ਟਹਿਣੀਆਂ ਨੂੰ ‘ਐਨਥਰੈਕਨੋਜ’ (ਟਹਾਣੀਆਂ ਸੁੱਕਣ ਦਾ ਰੋਗ) ਬਿਮਾਰੀ ਤੋਂ ਬਚਾਉਣ ਲਈ ‘ਬੋਰਡੋ ਮਿਸ਼ਰਣ’ ਅਤੇ ‘ਬਾਵਿਸਟਿਨ’ 50 ਘੁਲਣਸ਼ੀਲ 1 ਗ੍ਰਾਮ/ਪ੍ਰਤੀ ਲਿਟਰ ਪਾਣੀ ਦਾ ਛਿੜਕਾਅ ਅਦਲ-ਬਦਲ ਕੇ ਮਾਰਚ, ਅਪ੍ਰੈਲ ਅਤੇ ਮਈ ਵਿੱਚ ਕਰਨਾ ਚਾਹੀਦਾ ਹੈ। ਜੁਲਾਈ, ਅਗਸਤ ਅਤੇ ਸਤੰਬਰ ਵਿੱਚ ਸਕੋਰ 25 ਈ.ਸੀ. 1 ਗ੍ਰਾਮ ਪ੍ਰਤੀ ਲੀਟਰ ਪਾਣੀ ਦਾ ਛਿੜਕਾਅ ਬੋਰਡੋ ਮਿਸ਼ਰਣ ਕਰਨ ਨਾਲ ਨਵੇਂ ਫੁਟਾਰੇ ਨੂੰ ਸਹਿਤਮੰਦ ਰੱਖਿਆ ਜਾ ਸਕਦਾ ਹੈ।

ਮਾਂ ਬੋਹੜ ਦੀ ਛਾਂ

ਮਾਂ ਤੋਂ ਵੱਡਾ ਕੋਈ ਕਲਾਕਾਰ ਨਹੀਂ। ਇਸ ਸ੍ਰਿਸ਼ਟੀ ਦੀ ਸਿਰਜਣਹਾਰ ਮਾਂ ਹੈ। ਔਰਤ ਜੇ ਭੈਣ ਹੈ ਤਾਂ ਉਸ ਨੂੰ ਖ਼ੁਦਾ ਵੱਲੋਂ ਵੀ ਸਲਾਮ ਹੈ, ਜੇ ਬੀਵੀ ਹੈ ਤਾਂ ਮਰਦ ਦੇ ਘਰ ਦਾ ਸ਼ਿੰਗਾਰ ਹੈ, ਜੇ ਮਾਂ ਹੈ ਤਾਂ ਉਸ ਦੇ ਪੈਰਾਂ ਵਿੱਚ ਸਵਰਗ ਹੈ। ਪਰਮਾਤਮਾ ਤੋਂ ਬਾਅਦ ਅਸੀਂ ਮਾਂ ਦੇ ਕਰਜ਼ਦਾਰ ਹਾਂ, ਪਹਿਲਾਂ ਜ਼ਿੰਦਗੀ ਦੇਣ ਲਈ ਅਤੇ ਫਿਰ ਜ਼ਿੰਦਗੀ ਬਣਾਉਣ ਲਈ। ਕਹਿੰਦੇ ਨੇ ਰੱਬ ਨੇ ਮਾਵਾਂ ਇਸ ਕਰਕੇ ਬਣਾਈਆਂ ਸਨ ਕਿਉਂਕਿ ਉਹ ਹਰ ਥਾਂ ਹਾਜ਼ਰ ਨਹੀਂ ਸੀ ਹੋ ਸਕਦਾ। ਇਸੇ ਕਰਕੇ ਹੀ ਕਿਹਾ ਜਾਂਦਾ ਹੈ ਕਿ ਮਾਂ ਦੀ ਪੂਜਾ ਹੀ ਰੱਬ ਦੀ ਪੂਜਾ ਹੈ ਤੇ ਰੱਬ ਦਾ ਦੂਜਾ ਨਾਂ ਮਾਂ ਹੀ ਹੁੰਦਾ ਹੈ। ਇੱਕ ਪ੍ਰੇਮੀ ਆਪਣੀ ਮਹਿਬੂਬਾ ਦੇ ਨੈਣਾਂ ਦਾ ਰੰਗ ਵੇਖ ਰਿਹਾ ਹੁੰਦਾ ਹੈ ਜਦੋਂਕਿ ਇੱਕ ਕਲਾਕਾਰ ਉਸ ਅੱਖ ਵਿਚਲੇ ਸੁਪਨਿਆਂ ਨੂੰ ਗਹੁ ਨਾਲ ਵਾਚ ਰਿਹਾ ਹੁੰਦਾ ਹੈ। ਹਾਲੇ ਵੀ ਮਨੁੱਖ ਦੁਨੀਆ ਬਣਾ ਰਿਹਾ ਹੈ ਪਰ ਮਾਂ ਦੁਨੀਆ ਨੂੰ ਚਲਾਉਣ ਵਾਲੇ ਕਮਾਂਡਰ ਦਾ ਨਾਂ ਹੈ। ਸੰਸਾਰ ਦਾ ਇੱਕੋ ਵਿਧੀ-ਵਿਧਾਨ ਹਰ ਥਾਂ ਲਾਗੂ ਹੈ ਕਿ ਮਹਾਨ ਲੋਕਾਂ ਨੂੰ ਸਲਾਮ ਕਰਨ ਤੋਂ ਪਹਿਲਾਂ ਸਿਆਣੇ ਲੋਕ ਮਾਂ ਦੀ ਉਸ ਕੁੱਖ ਨੂੰ ਸਲਾਮ ਕਰਦੇ ਹਨ ਜਿਸ ਤੋਂ ਉਸ ਨੇ ਜਨਮ ਲਿਆ ਹੁੰਦਾ ਹੈ। ਇਸੇ ਕਰਕੇ ਮਾਂ ਔਲਾਦ ਸਿਰ ਦੋਸ਼ ਨਹੀਂ ਮੜ੍ਹਦੀ, ਉਹ ਆਪਣੇ ਢਿੱਡ ’ਤੇ ਸੱਜਾ ਹੱਥ ਮਾਰ ਕੇ ਆਖਦੀ ਹੈ ਮੇਰੀ ਕੁੱਖ ਦਾ ਕਸੂਰ ਹੈ। ਜਿਨ੍ਹਾਂ ਪੁੱਤਾਂ ਨੇ ਆਪਣੀ ਮਾਂ ਦੇ ਦੁੱਧ ਦੀ ਲਾਜ ਪਾਲੀ ਹੈ, ਉਸ ਦੀ ਕੁੱਖ ਨੂੰ ਭਾਗ ਲਾਏ ਹਨ, ਲੋਕ ਕਤਾਰਾਂ ਵਿੱਚ ਲੱਗ ਕੇ ਉਨ੍ਹਾਂ ਅੱਗੇ ਗੋਡੇ ਟੇਕਣ ਲਈ ਖੜ੍ਹੇ ਹਨ। ਇੱਕ ਮੁਟਿਆਰ ਗ੍ਰਹਿਸਥ ਦੀ ਗੱਡੀ ਚੜ੍ਹ ਕੇ ਏਨਾ ਖ਼ੁਸ਼ ਨਹੀਂ ਹੁੰਦੀ, ਜਿੰਨਾ ਉਹ ਬੱਚੇ ਨੂੰ ਜਨਮ ਦੇ ਕੇ ਹੁੰਦੀ ਹੈ ਕਿਉਂਕਿ ਖ਼ੁਸ਼ੀ ਦਾ ਚੰਨ ਇਸ ਕਰਕੇ ਚੜ੍ਹ ਆਉਂਦਾ ਹੈ ਕਿ ਉਹ ਮਾਂ ਬਣ ਗਈ ਹੁੰਦੀ ਹੈ। ਜ਼ਿੰਦਗੀ ਵਿੱਚ ਸੱਟਾਂ-ਚੋਟਾਂ, ਵੱਢ-ਟੁੱਕ ਦਾ ਦਰਦ ਬਹੁਤ ਹੁੰਦਾ ਹੈ ਪਰ ਜੰਮਣ ਪੀੜਾ ਦਾ ਦਰਦ ਅਸਹਿ ਹੈ, ਇਸ ਦਾ ਅਹਿਸਾਸ ਇੱਕ ਔਰਤ ਨੂੰ ਹੀ ਹੋ ਸਕਦਾ ਹੈ। ਜਦੋਂ ਉਹ ਬੱਚੇ ਨੂੰ ਜਨਮ ਦੇ ਕੇ ਹਟਦੀ ਹੈ ਤਾਂ ਬੱਚੇ ਦਾ ਮੂੰਹ ਦੇਖ ਕੇ ਆਪਣਾ ਚਿਹਰਾ ਲਾਲ ਕਰ ਲੈਂਦੀ ਹੈ। ਉਹ ਭੁੱਲ ਜਾਂਦੀ ਹੈ ਕਿ ਹੁਣੇ ਹੀ ਉਹ ਦਰਦ ਤੇ ਪੀੜਾ ਦਾ ਮਹਾਂਭਾਰਤ ਜਿੱਤ ਕੇ ਹਟੀ ਹੈ। ਉਸ ਨੇ ਆਪਣੀ ਜ਼ਿੰਦਗੀ ਵਿੱਚ ਮੁਕੰਮਲ ਔਰਤ ਵਾਲੇ ਸਾਰੇ ਰੰਗ ਭਰ ਲਏ ਹਨ ਤੇ ਮਾਂ ਬਣਨ ਦਾ ਸੁਪਨਾ ਪੂਰਾ ਕਰ ਲਿਆ ਹੈ। ਇੱਕ ਔਰਤ ਕਦੇ ਵੀ ਆਪਣੀ ਜੰਮਣ ਪੀੜਾ ਦਾ ਦਰਦ ਦੂਜੀ ਕੋਲ ਨਹੀਂ ਦੱਸਦੀ ਕਿਉਂਕਿ ਇਹ ਗੱਲ ਉਸ ਦੇ ਚੇਤੇ ਵਿੱਚੋਂ ਉਦੋਂ ਹੀ ਗੁਆਚ ਗਈ ਹੁੰਦੀ ਹੈ। ਮਾਂ ਦੀ ਗੱਲ ਗੁਰਮਤਿ ਤੋਂ ਸ਼ੁਰੂ ਕਰਦੇ ਹਾਂ। ਦੁਨੀਆ ਦੇ ਵਿਹੜੇ ਵਿੱਚ ਰੌਣਕਾਂ ਮਾਵਾਂ ਨੇ ਹੀ ਲਾਈਆਂ ਹਨ। ਮਾਂ ਦੀ ਸਿਫ਼ਤ ਵਿੱਚ ਗੁਰਮਤਿ ਦਾ ਸਾਰਾ ਫਲਸਫਾ ਇਹੋ ਕਹਿੰਦਾ ਹੈ ਕਿ ਮਾਂ ਦੇ ਦੁੱਧ ਦੀ ਲਾਜ ਰੱਖਣਾ ਮਨੁੱਖ ਦਾ ਪਹਿਲਾ ਕਰਤੱਵ ਹੈ ਤੇ ਇਸ ਨਾਲ ਇਨਸਾਨ, ਇਨਸਾਨ ਬਣਿਆ ਰਹਿ ਸਕਦਾ ਹੈ। ਗ਼ਲਤੀ ਤੁਸੀਂ ਕਰੋਗੇ, ਦੁਖੀ ਮਾਂ ਹੋਵੇਗੀ। ਨੈਪੋਲੀਅਨ ਨੇ ਕਿਹਾ ਸੀ, “ਮੈਨੂੰ ਚੰਗੀਆਂ ਮਾਵਾਂ ਦਿਓ, ਮੈਂ ਤੁਹਾਨੂੰ ਬਹਾਦਰ ਸਿਪਾਹੀ ਦਿਆਂਗਾ।” ਉਹ ਜੰਗ ਦੇ ਮੈਦਾਨ ਵਿੱਚ ਵੀ ਆਪਣੀ ਮਹਿਬੂਬਾ ਜੋਸਫਿਨ ਨੂੰ ਘੋੜੇ ਦੀ ਕਾਠੀ ’ਤੇ ਬਹਿ ਕੇ ਰੋਜ਼ਾਨਾ ਇੱਕ ਖ਼ਤ ਲਿਖਦਾ ਸੀ ਪਰ ਉਸ ਦੀ ਆਖਰੀ ਸਤਰ ਹੁੰਦੀ ਸੀ, ‘ਮੈਂ ਤੇਰੀਆਂ ਨਜ਼ਰਾਂ ਵਿੱਚ ਇੱਕ ਚੰਗਾ ਪ੍ਰੇਮੀ ਹੋ ਸਕਦਾ ਹਾਂ ਪਰ ਮੇਰੀ ਮਾਂ ਦੀਆਂ ਨਜ਼ਰਾਂ ਵਿੱਚ ਮੈਂ ਇੱਕ ਬਹਾਦਰ ਮਰਦ ਹਾਂ। ਉਹਨੇ ਜਦੋਂ ਵੀ ਮੈਨੂੰ ਜੰਗ ਦੇ ਮੈਦਾਨ ਵੱਲ ਤੋਰਿਆ ਸ਼ਗਨਾਂ ਨਾਲ ਤੋਰਿਆ ਤੇ ਮੇਰੀਆਂ ਜਿੱਤਾਂ ਦਾ ਸਿਹਰਾ ਉਸ ਦੇ ਸਿਰ ਹੈ। ਇਸੇ ਲਈ ਮਹਾਨ ਨੈਪੋਲੀਅਨ ਨਹੀਂ, ਮੇਰੀ ਮਾਂ ਹੈ।’ ਰਵਿੰਦਰ ਨਾਥ ਟੈਗੋਰ ਨੇ ਕਿਹਾ ਸੀ ‘ਮੈਂ ਬੋਹੜਾਂ ਦੀਆਂ ਛਾਂਵਾਂ ਨਾ ਵੀ ਮਾਣੀਆਂ ਹੋਣ, ਮੇਰੀ ਮਾਂ ਦਾ ਅਸ਼ੀਰਵਾਦ ਇਨ੍ਹਾਂ ਛਾਂਵਾਂ ਨਾਲੋਂ ਕਿਤੇ ਸੰਘਣਾ ਹੈ।’ ਪ੍ਰੋ. ਮੋਹਨ ਸਿੰਘ ਨੇ ‘ਮਾਂ ਵਰਗਾ ਘਣਛਾਵਾਂ ਬੂਟਾ , ਮੈਨੂੰ ਜੱਗ ’ਤੇ ਨਜ਼ਰ ਨਾ ਆਏ, ਜਿਸ ਤੋਂ ਲੈ ਕੇ ਛਾਂ ਉਧਾਰੀ, ਰੱਬ ਨੇ ਸਵਰਗ ਬਣਾਏ...’ ਨਾਲ ਆਪਣੀ ਜ਼ਿੰਦਗੀ ਦੀ ਸਾਰੀ ਪ੍ਰਾਪਤੀ ਮਾਂ ਦੀ ਝੋਲੀ ਵਿੱਚ ਪਾ ਦਿੱਤੀ ਸੀ। ਮਰਦ ਦੀ ਸ਼ੈਤਾਨੀ ਹੈ ਕਿ ਗਾਲ੍ਹਾਂ ਦੀ ਪਾਤਰ ਮੁੱਖ ਰੂਪ ਵਿੱਚ ਔਰਤ ਨੂੰ ਹੀ ਬਣਾਈ ਰੱਖਿਆ ਹੈ। ਜਿਹੜੇ ਮਾਂ ਦੀ ਗਾਲ੍ਹ ਸੁਣ ਕੇ ਕੋਠੜੀ ’ਚ ਮੂੰਹ ਦੇ ਲੈਂਦੇ ਹਨ, ਲੱਖ ਲਾਹਣਤ ਹੈ ਅਜਿਹੇ ਪੁੱਤਾਂ ’ਤੇ ਅਤੇ ਜਿਹੜੇ ਮਾਂ ਦੀ ਗਾਲ੍ਹ ਕਿਸੇ ਨੂੰ ਕੱਢਦੇ ਹਨ, ਉਹ ਲੱਤਾਂ ਆਪਣੀ ਮਾਂ ਦੇ ਢਿੱਡ ਵਿੱਚ ਹੀ ਮਾਰ ਰਹੇ ਹਨ। ਮਾਂ ਦੇ ਪਿਆਰ ਭਰੇ ਦਰਦ ਦੀ ਚੀਸ ਉਦੋਂ ਉੱਠਦੀ ਹੈ ਜਦੋਂ ਮਾਂ ਅੱਖਾਂ ਮੀਚ ਲੈਂਦੀ ਹੈ। ਉਦੋਂ ਵਿਰਾਨ ਸ਼ਬਦ ਦੇ ਅਰਥ ਪੱਲੇ ਪੈਂਦੇ ਹਨ ਕਿਉਂਕਿ ਉਹਦੇ ਤੁਰ ਜਾਣ ਨਾਲ ਘਰ ਵਿੱਚ ਪਈ ਵਿਰਾਨੀ ਛੇਤੀ ਪਿੱਛਾ ਨਹੀਂ ਛੱਡਦੀ ਤੇ ਜਿਨ੍ਹਾਂ ਨੇ ਘਰ ਨੂੰ ਹੱਥੀਂ ਵਿਰਾਨ ਕਰ ਲਿਆ ਹੈ, ਉਹ ਚੇਲੇ ਚਪਟਿਆਂ ਤੇ ਮੜ੍ਹੀਆਂ-ਮਸਾਣੀਆਂ ’ਤੇ ਕਿੰਨੇ ਵੀ ਨੱਕ ਰਗੜ ਲੈਣ, ਨਾ ਘਰ ’ਚ ਸਰਘੀ ਆਵੇਗੀ, ਨਾ ਮਾਇਆ ਦੇ ਗੱਫੇ ਡਿੱਗਣਗੇ, ਨਾ ਬੀਮਾਰੀਆਂ ਪਿੱਛਾ ਛੱਡਣਗੀਆਂ। ਅਜਿਹੀ ਔਲਾਦ ਨੂੰ ਤਾਕੀਦ ਹੈ ਕਿ ਉਹ ਉਦਾਸ ਮਾਂ ਨੂੰ ਘਰ ਮੋੜ ਲਿਆਉਣ, ਮੁਹੱਬਤ ਤੇ ਖ਼ੁਸ਼ਹਾਲੀ ਦਾ ਬਾਗ਼ ਮਾਲੋ-ਮਾਲ ਹੋ ਜਾਵੇਗਾ ਤੇ ਘਰ ਜੰਨਤ ਬਣ ਜਾਵੇਗਾ। ਉਹ ਬੀਮਾਰੀਆਂ, ਜਿਨ੍ਹਾਂ ਮੂਹਰੇ ਡਾਕਟਰ ਬਾਹਾਂ ਖੜ੍ਹੀਆਂ ਕਰ ਗਏ ਹਨ, ਠੀਕ ਹੋ ਸਕਦੀਆਂ ਹਨ ਪਰ ਜ਼ਰਾ ਮਾਂ ਦੇ ਗੋਡੇ ਨਾਲ ਲੱਗ ਕੇ ਤਾਂ ਵੇਖੋ। ਮਾਵਾਂ ਕਦੇ ਰੁੱਸਦੀਆਂ ਨਹੀਂ ਕਿਉਂਕਿ ਸਬਰ-ਸੰਤੋਖ ਤੇ ਸਹਿਣਸ਼ੀਲਤਾ, ਨਿਮਰਤਾ ਦਾ ਪਾਠ ਕਰਨਾ ਸਿਰਫ਼ ਮਾਵਾਂ ਨੂੰ ਹੀ ਆਉਂਦਾ ਹੈ। ਮਾਂ ਦੀ ਮਮਤਾ ਦੇ ਦੀਵੇ ਵਿੱਚੋਂ ਬੱਤੀ ਉਦੋਂ ਸੜਨ-ਭੁੱਜਣ ਲੱਗਦੀ ਹੈ ਜਦੋਂ ਜੁਆਨ ਪੁੱਤ ਦੀ ਮੌਤ ਹੋ ਜਾਵੇ। ਇਸ ਕਰਕੇ ਕਹਿੰਦੇ ਨੇ ‘ਮਾਂਵਾਂ ਰੋਂਦੀਆਂ ਢਿੱਡਾਂ ’ਤੇ ਹੱਥ ਧਰ ਕੇ ਜਿਨ੍ਹਾਂ ਦੇ ਪੁੱਤ ਖੇਲ੍ਹਦੇ ਮਰੇ।’ ਜਿਨ੍ਹਾਂ ਨੂੰ ਮਾਂ ਦੇ ਪਿਆਰ ਦੀ ਛਾਵੇਂ ਬੈਠਣ ਦਾ ਮੌਕਾ ਜ਼ਿੰਦਗੀ ਭਰ ਮਿਲ ਜਾਵੇ, ਉਹ ਰੱਜ ਕੇ ਖ਼ੁਸ਼ਕਿਸਮਤ ਹਨ ਤੇ ਉਨ੍ਹਾਂ ਨੂੰ ਸਵਰਗ ਦੀ ਕਲਪਨਾ ਛੱਡ ਦੇਣੀ ਚਾਹੀਦੀ ਹੈ ਕਿਉਂਕਿ ਜ਼ਿੰਦਗੀ ਦਾ ਸਵਰਗ ਉਨ੍ਹਾਂ ਨੇ ਵੇਖ ਲਿਆ ਹੁੰਦਾ ਹੈ। ਜਿਨ੍ਹਾਂ ਘਰਾਂ ਵਿੱਚ ਮਾਂ ਦਾ ਬੁੱਢਾ ਚਿਹਰਾ ਵੀ ਗੁਲਾਬ ਵਾਂਗ ਖਿੜਿਆ ਰਹਿੰਦਾ ਹੈ, ਉੱਥੇ ਕੁੱਝ ਵੀ ਨਾ ਹੋਵੇ ਸਭ ਕੁੱਝ ਹੁੰਦਾ ਹੈ, ਉੱਥੇ ਸੁੱਕੀ ਰੋਟੀ ਵੀ ਪਰੌਂਠਿਆਂ ਵਰਗੀ ਲੱਗਦੀ ਹੈ ਤੇ ਜਿੱਥੇ ਮਾਂ ਉਦਾਸ ਹੈ, ਉੱਥੇ ਕਲੇਸ਼ ਝਗੜਾ ਮੁੱਕ ਹੀ ਨਹੀਂ ਸਕਦਾ। ਇਨ੍ਹਾਂ ਘਰਾਂ ਵਿੱਚ ਪੈਸਿਆਂ ਦੀਆਂ ਪੰਡਾਂ ਹੁੰਦੀਆਂ ਨੇ ਪਰ ਬੇਇਤਫ਼ਾਕੀ ਦਾ ਡਾਕਾ ਦਿਨ ਖੜ੍ਹੇ ਪਿਆ ਰਹਿੰਦਾ ਹੈ। ਅਜਿਹੇ ਘਰਾਂ ਵਿੱਚ ਸਭ ਕੁੱਝ ਹੁੰਦਿਆਂ ਵੀ ਦੀਵੇ ਗੁੱਲ ਹੁੰਦੇ ਹਨ। ਜਿਨ੍ਹਾਂ ਔਰਤਾਂ ਦੀ ਕੁੱਖ ਸੁਲੱਖਣੀ ਨਹੀਂ, ਜਿਨ੍ਹਾਂ ਦਾ ਪੱਲਾ ਔਲਾਦ ਤੋਂ ਵਿਰਵਾ ਹੈ, ਜਿਨ੍ਹਾਂ ਨੂੰ ਮਾਵਾਂ ਬਣਨ ਦਾ ਮੌਕਾ ਨਹੀਂ ਮਿਲਦਾ, ਉਹ ਸ਼ਰਮਿੰਦਗੀ ਤੇ ਝੋਰਿਆਂ ਦੀ ਬੁੱਕਲ ’ਚੋਂ ਨਹੀਂ ਨਿੱਕਲਦੀਆਂ। ਸਮਾਜ ਦੇ ਤਾਅਨੇ-ਮਿਹਣੇ ਉਨ੍ਹਾਂ ਦੇ ਹਿਰਦਿਆਂ ਨੂੰ ਛਲਣੀ ਕਰੀ ਰੱਖਦੇ ਹਨ ਕਿਉਂਕਿ ਔਰਤ ਨੂੰ ਸਿਰਫ਼ ਮਾਂ ਦੇ ਰੂਪ ਵਿੱਚ ਹੀ ਸਭ ਤੋਂ ਵੱਧ ਸਤਿਕਾਰਿਆ ਜਾਂਦਾ ਹੈ। ਮਾਂ ਦੇ ਪੇਟ ਵਿੱਚ ਪਲਦਾ ਬੱਚਾ ਉਸ ਦੇ ਦਿਲ ਦੀ ਧੜਕਣ ਨਾਲ ਇਕਸੁਰ ਹੋ ਕੇ ਨਵੀਂ ਦੁਨੀਆ ਦੇਖਣ ਦੇ ਯੋਗ ਹੋ ਜਾਂਦਾ ਹੈ।

ਸ਼ਹਿਰੀ ਮੱਧ ਵਰਗ ਵਿੱਚ ਦਿਲ ਦੇ ਰੋਗਾਂ ਦੇ ਕਾਰਨ

•ਡਾ. ਅਜੀਤਪਾਲ ਸਿੰਘ

ਔਰਤਾਂ ਵਿੱਚ ਦਿਲ ਦੀ ਬਿਮਾਰੀ ਦਾ ਖ਼ਤਰਾ ਵੱਧ ਪਾਇਆ ਗਿਆ। ਫੋਰਟਿਸ ਸੀ-ਡਾਕ ਸੈਂਟਰ ਆਫ ਐਕਸੀਲੈਂਸ, ਫਾਰ ਡਾਇਬਟੀਜ਼ ਮੈਟਾਬੌਲਿਕ ਡਿਸੀਜ਼ ਐਂਡ ਐਂਡੋਕਰੋਨਾਲੋਜੀ ਦੇ ਚੇਅਰਮੈਨ ਡਾਕਟਰ ਅਨੂਪ ਮਿਸ਼ਰਾ ਅਨੁਸਾਰ ਪੇਂਡੂ ਔਰਤਾਂ ਦੇ ਮੁਕਾਬਲੇ ਸ਼ਹਿਰੀ ਗ਼ਰੀਬ ਤੇ ਸ਼ਹਿਰੀ ਮੱਧਵਰਗੀ ਔਰਤਾਂ ਵਿੱਚ ਦਿਲ ਦੀ ਬਿਮਾਰੀ ਦੀ ਸੰਭਾਵਨਾ ਬਦਲਦੀ ਜੀਵਨ ਸ਼ੈਲੀ ਦਾ ਸੰਕੇਤ ਹੈ।

ਸਾਡੇ ਦੇਸ਼ ਵਿੱਚ ਸ਼ਹਿਰੀ ਮੱਧ ਵਰਗ ਦੀਆਂ ਔਰਤਾਂ ਨੂੰ ਸ਼ਹਿਰੀ ਗ਼ਰੀਬ ਤੇ ਪੇਂਡੂ ਖੇਤਰ ਦੀਆਂ ਔਰਤਾਂ ਦੇ ਮੁਕਾਬਲੇ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਵੱਧ ਹੁੰਦੀ ਹੈ। ਇੱਕ ਖੋਜ ਵਿੱਚ ਇਹ ਸਿੱਟਾ ਸਾਹਮਣੇ ਆਇਆ ਹੈ ਕਿ ਸ਼ਹਿਰੀਕਰਨ ਦਿਲ ਦੇ ਦੌਰੇ ਦੀ ਮੁੱਖ ਵਜ੍ਹਾ ਹੋ ਸਕਦਾ ਹੈ। ਦਿਲ ਦੀ ਬਿਮਾਰੀ ਦੇ ਕਾਰਨਾਂ ਦਾ ਪਤਾ ਲਾਉਣ ਲਈ ਕੀਤੇ ਗਏ ਅਧਿਐਨ ਵਿੱਚ ਦੇਸ਼ ਦੇ ਪੇਂਡੂ, ਸ਼ਹਿਰੀ ਗ਼ਰੀਬ ਤੇ ਸ਼ਹਿਰੀ ਮੱਧ ਵਰਗ ਦੀਆਂ ਔਰਤਾਂ ’ਤੇ ਧਿਆਨ ਕੇਂਦਰਿਤ ਕੀਤਾ ਗਿਆ। 35 ਤੋਂ 70 ਸਾਲ ਦੀਆਂ ਕਰੀਬ 6853 ਔਰਤਾਂ ’ਤੇ ਸਰਵੇਖਣ ਕੀਤਾ ਗਿਆ। ਇਨ੍ਹਾਂ ਵਿੱਚ 2616 ਪੇਂਡੂ ਸ਼ਹਿਰੀ ਗ਼ਰੀਬ 2008 ਤੇ ਸ਼ਹਿਰੀ ਮੱਧ ਵਰਗੀ 2229 ਔਰਤਾਂ ਦੀ ਸਮਾਜਿਕ ਤੇ ਆਰਥਿਕ ਸਥਿਤੀ, ਜੀਵਨ ਸ਼ੈਲੀ, ਮਾਨਸਿਕ ਹਾਲਤ ਅਤੇ ਜੈਵ ਰਸਾਇਣਕ ਖ਼ਤਰੇ ਦੇ ਕਾਰਕਾਂ ’ਤੇ ਆਧਾਰਿਤ ਅਧਿਐਨ ਕੀਤਾ ਗਿਆ। ਇਨ੍ਹਾਂ ਸਾਰਿਆਂ ਦਾ ਬਾਡੀ ਮਾਸ ਇੰਡੈਕਸ, ਲੱਕ, ਵੇਸਟ ਹਿਪ ਅਨੁਪਾਤ, ਸਿਸਟੌਲਿਕ ਬਲੱਡ ਪ੍ਰੈਸਰ, ਖਾਲੀ ਪੇਟ ਸ਼ੂਗਰ ਪੱਧਰ ’ਤੇ ਕੋਲੈਸਟ੍ਰੋਲ ਮਾਪੇ ਗਏ।

ਇਸ ਖੋਜ ਦੇ ਅੰਕੜੇ ਹੈਰਾਨ ਕਰਨ ਵਾਲੇ ਹਨ। ਖੋਜ ਮੁਤਾਬਿਕ ਸ਼ਹਿਰੀ ਗ਼ਰੀਬ ਤੇ ਸ਼ਹਿਰੀ ਮੱਧ ਵਰਗੀ ਔਰਤਾਂ ਵਿੱਚ ਮਾਪ ਪੇਂਡੂ ਔਰਤਾਂ ਦੇ ਮੁਕਾਬਲਤਨ ਸਭ ਪੈਮਾਨੇ ’ਤੇ ਵੱਧ ਪਾਇਆ ਗਿਆ। ਉਮਰ ਆਧਾਰਿਤ ਸ਼ੂਗਰ ਦੀ ਬਿਮਾਰੀ ਦੀ ਸ਼ਿਕਾਇਤ ਅਤੇ ਦਿਲ ਦੀ ਬਿਮਾਰੀ ਦਾ ਘਾਤਕ ਕਾਰਕ ਗ਼ਰੀਬ ਤੇ ਸ਼ਹਿਰੀ ਮੱਧ ਵਰਗ ਦੀਆਂ ਔਰਤਾਂ ਵਿੱਚ ਹੋਰ ਔਰਤਾਂ ਦੇ ਮੁਕਾਬਲੇ ਵੱਧ ਪਾਇਆ ਗਿਆ। ਪੇਂਡੂ ਔਰਤਾਂ, ਗ਼ਰੀਬ ਸ਼ਹਿਰੀ ਤੇ ਸ਼ਹਿਰ ਮੱਧਵਰਗੀ ਔਰਤਾਂ ਦੇ ਅੰਕੜਿਆਂ ’ਤੇ ਨਜ਼ਰ ਮਾਰੀਏ ਤਾਂ ਸ਼ੂਗਰ ਦੀ ਬਿਮਾਰੀ ਕ੍ਰਮਵਾਰ 2.2, 9.3 ਤੇ 17.7 ਫ਼ੀਸਦੀ ’ਚ ਪਾਈ ਗਈ। ਇਸ ਤਰ੍ਹਾਂ ਬਾਡੀ-ਮਾਸ ਇੰਡੈਕਸ ਵਿੱਚ ਤਿੰਨਾਂ ਵਰਗਾਂ ਦਾ ਅੰਕੜਾ 22.5 ਦੀ ਥਾਂ ਕ੍ਰਮਵਾਰ 28.3, 63.4 ਤੇ 61.9 ਫ਼ੀਸਦੀ ਰਿਹਾ। ਵੇਸਟ-ਹਿਪ ਅਨੁਪਾਤ (ਮੋਟਾਪੇ ਦਾ ਇੱਕ ਹੋਰ ਪੈਮਾਨਾ) ਦੇ ਕੇਸ ਵਿੱਚ ਅੰਕੜਾ ਕ੍ਰਮਵਾਰ 60.4, 90.7 ਤੇ 88.5 ਫ਼ੀਸਦੀ ਰਿਹਾ। ਇਸ ਤਰ੍ਹਾਂ ਹਾਈ ਬਲੱਡ ਪ੍ਰੈਸ਼ਰ ਵਿੱਚ ਅੰਕੜਾ ਕ੍ਰਮਵਾਰ 13.5, 27.7 ਤੇ 37.4 ਫ਼ੀਸਦੀ ਰਿਹਾ। ਇਸ ਤਰ੍ਹਾਂ ਹਰ ਮਾਮਲੇ ਵਿੱਚ ਪੇਂਡੂ ਔਰਤਾਂ ਦੇ ਮੁਕਾਬਲੇ ਸ਼ਹਿਰੀ ਗ਼ਰੀਬ ਤੇ ਸ਼ਹਿਰੀ ਮੱਧਵਰਗੀ ਔਰਤਾਂ ਵਿੱਚ ਦਿਲ ਦੀ ਬਿਮਾਰੀ ਦਾ ਖ਼ਤਰਾ ਵੱਧ ਪਾਇਆ ਗਿਆ। ਫੋਰਟਿਸ ਸੀ-ਡਾਕ ਸੈਂਟਰ ਆਫ ਐਕਸੀਲੈਂਸ, ਫਾਰ ਡਾਇਬਟੀਜ਼ ਮੈਟਾਬੌਲਿਕ ਡਿਸੀਜ਼ ਐਂਡ ਐਂਡੋਕਰੋਨਾਲੋਜੀ ਦੇ ਚੇਅਰਮੈਨ ਡਾਕਟਰ ਅਨੂਪ ਮਿਸ਼ਰਾ ਅਨੁਸਾਰ ਪੇਂਡੂ ਔਰਤਾਂ ਦੇ ਮੁਕਾਬਲੇ ਸ਼ਹਿਰੀ ਗ਼ਰੀਬ ਤੇ ਸ਼ਹਿਰੀ ਮੱਧਵਰਗੀ ਔਰਤਾਂ ਵਿੱਚ ਦਿਲ ਦੀ ਬਿਮਾਰੀ ਦੀ ਸੰਭਾਵਨਾ ਬਦਲਦੀ ਜੀਵਨ ਸ਼ੈਲੀ ਦਾ ਸੰਕੇਤ ਹੈ। ਤਣਾਅ, ਸ਼ੂਗਰ ਦੀ ਬਿਮਾਰੀ, ਭੱਜ-ਦੌੜ, ਅਨਿਯਮਤ ਰੋਜ਼ਮਰ੍ਹਾ ਦੇ ਰੁਝੇਵੇਂ ਅਤੇ ਖਾਣ-ਪੀਣ ਵਿੱਚ ਲਾਹਪ੍ਰਵਾਹੀ ਇਨ੍ਹਾਂ ਸਾਰਿਆਂ ਦੀ ਮੁੱਖ ਵਜ੍ਹਾ ਹੋ ਸਕਦੀ ਹੈ। ਸ਼ਹਿਰ ਦੀਆਂ ਪੇਂਡੂ ਤੇ ਮੱਧਵਰਗੀ ਔਰਤਾਂ ਵਿੱਚ ਇਹ ਖ਼ਤਰਾ ਜ਼ਿਆਦਾ ਹੈ। ਜੋ ਸਾਫ਼ ਸੰਕੇਤ ਹਨ ਕਿ ਸ਼ਹਿਰੀਕਰਨ ਦਿਲ ਦੀ ਬਿਮਾਰੀ ਦੀ ਇੱਕ ਮੁੱਖ ਵਜ੍ਹਾ ਕਿਹਾ ਜਾ ਸਕਦਾ ਹੈ। ਭਾਰਤ ਨੂੰ ਪੂਰੀ ਦੁਨੀਆਂ ਵਿੱਚ ਸ਼ੂਗਰ ਦੀ ਬਿਮਾਰੀ ਦੀ ਰਾਜਧਾਨੀ ਕਿਹਾ ਜਾਣ ਲੱਗ ਪਿਆ ਹੈ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਮੁਤਾਬਿਕ ਪੂਰੀ ਦੁਨੀਆ ਵਿੱਚ ਸ਼ੂਗਰ ਦੀ ਬਿਮਾਰੀ ਸਾਲ 2030 ਤਕ ਸੱਤਵਾਂ ਸਭ ਤੋਂ ਵੱਡਾ ਜਾਨਲੇਵਾ ਰੋਗ ਬਣ ਜਾਵੇਗਾ, ਜੋ ਗੁਰਦਾ ਫੇਲ੍ਹ ਹੋਣ ਅਤੇ ਅੰਨ੍ਹੇਪਣ ਦਾ ਸਭ ਤੋਂ ਵੱਡਾ ਕਾਰਨ ਬਣ ਜਾਵੇਗਾ। ਵਿਸ਼ਵ ਸਿਹਤ ਸੰਗਠਨ ਦੇ ਅੰਕੜਿਆਂ ਅਨੁਸਾਰ ਸਾਲ 2000 ਤਕ ਭਾਰਤ ਵਿੱਚ 3 ਕਰੋੜ 20 ਲੱਖ ਸ਼ੂਗਰ ਦੀ ਬਿਮਾਰੀ ਦੇ ਰੋਗੀ ਸਨ, ਜੋ ਕਿ 2013 ਤਕ ਦੁੱਗਣੇ ਹੋ ਗਏ। ਇਹ ਅੰਕੜਾ ਦੇਸ਼ ਦੀ ਕੁੱਲ ਆਬਾਦੀ ਦਾ ਕਰੀਬ ਤਿੰਨ ਫ਼ੀਸਦੀ ਹੈ। ਸ਼ੂਗਰ ਦੀ ਬਿਮਾਰੀ ਨੂੰ ਬਾਕੀ ਬਿਮਾਰੀਆਂ ਦੀ ਗੰਗੋਤਰੀ ਕਹਿ ਸਕਦੇ ਹਾਂ। ਇਸ ਤੋਂ ਪੀੜਤ ਹੋਣ ਪਿੱਛੋਂ ਹਰ ਗੰਭੀਰ ਬਿਮਾਰੀ ਦੀ ਮਾਰ ਹੇਠ ਆ ਜਾਣਾ ਮਹਿਜ ਵਕਤ ਦੀ ਗੱਲ ਹੁੰਦੀ ਹੈ। 2028 ਤਕ ਸ਼ੂਗਰ ਦੀ ਬਿਮਾਰੀ ਦੇ ਰੋਗੀਆਂ ਦਾ ਅੰਕੜਾ 10 ਕਰੋੜ ਤਕ ਜਾਣ ਦਾ ਖ਼ਦਸ਼ਾ ਹੈ। ਇਹ ਹੋਰ ਵੀ ਦੁੱਖ ਵਾਲੀ ਗੱਲ ਹੈ ਕਿ ਨੌਜਵਾਨਾਂ ਵਿੱਚ ਸ਼ੂਗਰ ਦੀ ਬਿਮਾਰੀ ਦੇ ਅੰਕੜੇ ਤੇਜ਼ੀ ਨਾਲ ਵਧ ਰਹੇ ਹਨ। ਇੱਥੋਂ ਤਕ ਕਿ ਬੱਚਿਆਂ ਵਿੱਚ ਵੀ ਵੱਖ ਵੱਖ ਤਰ੍ਹਾਂ ਦੇ ਸ਼ੂਗਰ ਦੀ ਬਿਮਾਰੀ ਦੇ ਕੇਸ ਸਾਹਮਣੇ ਆ ਰਹੇ ਹਨ। ਅਜਿਹੇ ਵਿੱਚ ਬੱਚਿਆਂ ਦੇ ਮਾਪੇ, ਸਕੂਲੀ ਅਧਿਆਪਕਾਂ ਤੇ ਸਾਕ-ਸਬੰਧੀਆਂ ਅਤੇ ਵਾਰਸਾਂ ਦੀ ਜ਼ਿੰਮੇਵਾਰੀ ਬੇਹੱਦ ਵਧ ਗਈ ਹੈ। ਮਾਪਿਆਂ ਨੂੰ ਆਪਣੇ ਬੱਚਿਆਂ ਵਿੱਚ ਸ਼ੂਗਰ ਦੀ ਬਿਮਾਰੀ ਦੇ ਲੱਛਣਾਂ ਉੱਤੇ ਨਜ਼ਰ ਰੱਖਣੀ ਚਾਹੀਦੀ ਹੈ। ਇਸ ਬਿਮਾਰੀ ਤੋਂ ਪੀੜਤ ਬੱਚਾ ਵੱਧ ਪੇਸ਼ਾਬ, ਵੱਧ ਪਿਆਸ, ਭੁੱਖ, ਵਜ਼ਨ ਦੀ ਕਮੀ, ਥਕਾਵਟ, ਕੰਮਜ਼ੋਰੀ ਅਤੇ ਪੇਟ ਦਰਦ ਆਦਿ ਸਮੱਸਿਆਵਾਂ ਨਾਲ ਗ੍ਰਸਤ ਰਹਿੰਦਾ ਹੈ। ਜੇ ਅਜਿਹੇ ਲੱਛਣ ਜ਼ਿਆਦਾ ਦਿਸਣ ਤਾਂ ਮਾਪਿਆਂ ਤੇ ਸਨੇਹੀਆਂ ਨੂੰ ਮਾਹਿਰ ਡਾਕਟਰ ਦੀ ਸਲਾਹ ਨਾਲ ਸ਼ੂਗਰ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਸ਼ੂਗਰ ਦੀ ਬਿਮਾਰੀ ਨੂੰ ਭਾਵੇਂ ਜੜ੍ਹ ਤੋਂ ਨਹੀਂ ਪੁੱਟਿਆ ਜਾ ਸਕਦਾ ਪਰ ਸਹੀ ਇਲਾਜ ਨਾਲ ਇਸ ਨੂੰ ਕੰਟਰੋਲ ਜ਼ਰੂਰ ਕੀਤਾ ਜਾ ਸਕਦਾ ਹੈ। ਸ਼ੂਗਰ ਦੀ ਬਿਮਾਰੀ ਦੇ ਹੋਰ ਲੱਛਣਾਂ ਵਿੱਚ ਵਾਰ ਵਾਰ ਫੋੜੇ-ਫਿੰਸੀਆਂ ਹੋਣਾ, ਜ਼ਖ਼ਮਾਂ ਦਾ ਆਸਾਨੀ ਨਾਲ ਨਾ ਭਰਨਾ, ਹੱਥਾਂ ਪੈਰਾਂ ਦੀ ਸੋਜ਼ ਜਾਂ ਝੁਨਝੁਨਾਹਟ ਹੋਣੀ, ਲਕਵਾ ਹੋਣਾ ਜਾਂ ਦਿਲ ਦਾ ਦੌਰਾ ਪੈ ਜਾਣਾ ਅਤੇ ਔਰਤਾਂ ਵਿੱਚ ਵੱਧ ਵਜ਼ਨ ਦੇ ਬੱਚੇ ਨੂੰ ਜਨਮ ਦੇਣਾ ਆਦਿ ਸ਼ਾਮਲ ਹਨ। ਇਨ੍ਹਾਂ ਵਿੱਚੋਂ ਇੱਕ ਤੋਂ ਵੱਧ ਲੱਛਣ ਹੋਣ ’ਤੇ ਸ਼ੂਗਰ ਦੀ ਬਿਮਾਰੀ ਦੀ ਜਾਂਚ ਕਰਵਾ ਲੈਣੀ ਚਾਹੀਦੀ ਹੈ। ਸ਼ੂਗਰ ਦੀ ਬਿਮਾਰੀ ਕਿੰਨੀ ਘਾਤਕ ਹੈ ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਪੂਰੀ ਦੂਨੀਆ ਵਿੱਚ ਹੁਣ ਤਕ ਹੋਈਆਂ ਜੰਗਾਂ ਵਿੱਚ ਕੁੱਲ ਮਿਲਾ ਕੇ ਜਿੰਨੇ ਲੋਕ ਮਾਰੇ ਗਏ ਹਨ, ਉਸ ਤੋਂ ਵੱਧ ਲੋਕ ਪਿਛਲੇ ਇੱਕ ਦਹਾਕੇ ਵਿੱਚ ਸਿਰਫ਼ ਸ਼ੂਗਰ ਦੀ ਬਿਮਾਰੀ ਨਾਲ ਮਰੇ ਹਨ। ਸ਼ੂਗਰ ਦੀ ਬਿਮਾਰੀ ਦਿਲ ਤੇ ਦਿਮਾਗ ਦੀ ਬਲੱਡ ਸਪਲਾਈ ਵਿੱਚ ਅੜਿੱਕਾ, ਅੱਖਾਂ ਵਿੱਚ ਖ਼ੂਨ ਵਗਣਾ ਅੰਨ੍ਹਾਪਣ ਤੇ ਗੁਰਦੇ ਵਿੱਚ ਨੁਕਸ ਪੈਦਾ ਕਰਦੀ ਹੈ। ਇਹ ਰੋਗ ਨਾੜੀਆਂ (ਨਰਵਸ ਸਿਸਟਮ) ਵਿੱਚ ਵਿਕਾਸ ਕਰਕੇ ਉਨ੍ਹਾਂ ਨੂੰ ਨਿਰਜੀਵ ਕਰ ਦਿੰਦਾ ਹੈ। ਸ਼ੂਗਰ ਦੀ ਬਿਮਾਰੀ ਦੇ ਰੋਗੀ ਦੀਆਂ ਧਮਣੀਆਂ ਸਖ਼ਤ ਹੋਣ ਲਗਦੀਆਂ ਹਨ। ਬਲੱਡ ਸਪਲਾਈ ਵਿੱਚ ਅੜਿੱਕਾ ਪੈਦਾ ਹੋਣ ਲਗਦਾ ਹੈ। ਨਾੜੀਆਂ ਦੀ ਸੰਵੇਦਨਸ਼ੀਲਤਾ ਘਟ ਜਾਂਦੀ ਹੈ। ਚਮੜੀ ਵਿੱਚ ਛੂਹਣ ਦਾ ਗੁਣ ਖ਼ਤਮ ਹੋਣ ਲਗਦਾ

ਕਬਜ਼ ਦੀ ਸਮੱਸਿਆ ਤੋਂ ਨਿਜ਼ਾਤ ਦਿਵਾਉਂਦੀ ਹੈ ‘ਅੰਜੀਰ’

ਅੰਜੀਰ ’ਚ ਬਹੁਤ ਸਾਰੇ ਪੋਸ਼ਕ ਤੱਤ ਭਰਪੂਰ ਮਾਤਰਾ ’ਚ ਹੁੰਦੇ ਹਨ। ਇਸ ਨੂੰ ਇਕ ਫਲ ਦੇ ਰੂਪ ’ਚ ਵੀ ਖਾਧਾ ਜਾ ਸਕਦਾ ਹੈ ਅਤੇ ਸੁੱਕ ਜਾਣ ਤੋਂ ਬਾਅਦ ਵੀ ਇਸ ਨੂੰ ਇਕ ਡਰਾਈ ਫਰੂਟ ਦੇ ਰੂਪ ’ਚ ਖਾ ਸਕਦੇ ਹੋ। ਅੰਜੀਰ ’ਚ ਵਿਟਾਮਿਨ ਏ, ਸੀ, ਕੇ, ਬੀ ਦੇ ਨਾਲ-ਨਾਲ ਪੋਟਾਸ਼ੀਅਮ , ਮੈਗਨੀਸ਼ੀਅਮ, ਜ਼ਿੰਕ, ਕਾਪਰ, ਮੈਗਨੀਸ਼ੀਅਮ, ਆਇਰਨ ਅਤੇ ਕੈਲਸ਼ੀਅਮ ਭਰਪੂਰ ਮਾਤਰਾ ’ਚ ਪਾਇਆ ਜਾਂਦਾ ਹੈ।

ਅੱਜ ਅਸੀਂ ਤੁਹਾਨੂੰ ਰੋਜ਼ਾਨਾ ਅੰਜੀਰ ਖਾਣ ਦੇ ਫ਼ਾਇਦਿਆਂ ਬਾਰੇ ਦੱਸਾਂਗੇ।

ਅਨੀਮੀਆ: ਅੰਜੀਰ ’ਚ ਆਇਰਨ ਅਤੇ ਕੈਲਸ਼ੀਅਮ ਬਹੁਤ ਜ਼ਿਆਦਾ ਮਾਤਰਾ ’ਚ ਹੁੰਦਾ ਹੈ। ਇਹ ਅਨੀਮੀਆ ਦੀ ਬੀਮਾਰੀ ਨੂੰ ਦੂਰ ਕਰ ਦਿੰਦੀ ਹੈ। ਇਸ ਲਈ ਰੋਜ਼ਾਨਾ ਦੁੱਧ ਵਿਚ ਚਾਰ ਪੰਜ ਮੁਨੱਕੇ ਅਤੇ ਦੋ ਤਿੰਨ ਅੰਜੀਰ ਉਬਾਲ ਕੇ ਪੀ ਲਓ। ਇਸ ਨਾਲ ਖ਼ੂਨ ਬਣਦਾ ਹੈ ਅਤੇ ਖ਼ੂਨ ਦੀ ਕਮੀ ਦੂਰ ਹੋ ਜਾਂਦੀ ਹੈ।

ਜ਼ੁਕਾਮ ਦੀ ਸਮੱਸਿਆ: ਜੇਕਰ ਤੁਹਾਨੂੰ ਜ਼ੁਕਾਮ ਦੀ ਸਮੱਸਿਆ ਹੋ ਗਈ ਹੈ ਤਾਂ ਪਾਣੀ ’ਚ ਤਿੰਨ-ਚਾਰ ਅੰਜੀਰ ਪਾ ਕੇ ਚੰਗੀ ਤਰ੍ਹਾਂ ਉਬਾਲੋ ਅਤੇ ਇਸ ਪਾਣੀ ਨੂੰ ਛਾਣ ਕੇ ਗਰਮ-ਗਰਮ ਸਵੇਰੇ ਸ਼ਾਮ ਪੀਓ। ਇਸ ਨਾਲ ਜ਼ੁਕਾਮ ਠੀਕ ਹੋ ਜਾਂਦਾ ਹੈ।

ਬਵਾਸੀਰ ਦੀ ਸਮੱਸਿਆ: ਰੋਜ਼ਾਨਾ ਰਾਤ ਨੂੰ ਤਿੰਨ-ਚਾਰ ਸੁੱਕੇ ਅੰਜੀਰ ਪਾਣੀ ’ਚ ਭਿਓ ਕੇ ਰੱਖੋ ਅਤੇ ਸਵੇਰ ਸਮੇਂ ਖਾਲੀ ਪੇਟ ਮਸਲ ਕੇ ਖਾ ਲਓ। ਇਸ ਨਾਲ ਬਵਾਸੀਰ ਠੀਕ ਹੋ ਜਾਂਦਾ ਹੈ।ਅਸਥਮਾ ਦੀ ਸਮੱਸਿਆ: ਜਿਨ੍ਹਾਂ ਲੋਕਾਂ ਨੂੰ ਅਸਥਮਾ ਉਨ੍ਹਾਂ ਲਈ ਅੰਜੀਰ ਬਹੁਤ ਜ਼ਿਆਦਾ ਫ਼ਾਇਦੇਮੰਦ ਹੈ। ਇਸ ਲਈ ਉਨ੍ਹਾਂ ਲੋਕਾਂ ਨੂੰ ਰੋਜ਼ਾਨਾ ਅੰਜੀਰ ਦੀ ਵਰਤੋਂ ਜ਼ਰੂਰ ਕਰਨੀ ਚਾਹੀਦੀ ਹੈ। ਜਿਸ ਨਾਲ ਅਸਥਮਾ ਦੀ ਸਮੱਸਿਆ ਬਹੁਤ ਜਲਦ ਠੀਕ ਹੋ ਜਾਂਦੀ ਹੈ।

ਕਮਰ ਦਰਦ ਦੀ ਸਮੱਸਿਆ: ਅੰਜੀਰ ਸੁੰਢ ਧਨੀਆ ਇਹ ਸਭ ਬਰਾਬਰ ਮਾਤਰਾ ’ਚ ਮਿਲਾ ਕੇ ਰਾਤ ਨੂੰ ਪਾਣੀ ’ਚ ਭਿਓ ਦਿਓ ਅਤੇ ਸਵੇਰ ਸਮੇਂ ਇਸ ਪਾਣੀ ਨੂੰ ਉਬਾਲ ਕੇ ਪੀ ਲਓ। ਇਸ ਨਾਲ ਕਮਰ ਦਰਦ ਦੂਰ ਹੋ ਜਾਵੇਗਾ।

ਹੱਡੀਆਂ ਦੀ ਸਮੱਸਿਆ: ਅੰਜੀਰ ’ਚ ਕੈਲਸ਼ੀਅਮ ਬਹੁਤ ਜ਼ਿਆਦਾ ਮਾਤਰਾ ’ਚ ਹੁੰਦਾ ਹੈ। ਇਹ ਹੱਡੀਆਂ ਨੂੰ ਮਜ਼ਬੂਤ ਕਰਦਾ ਹੈ। ਇਸ ਲਈ ਜੇਕਰ ਤੁਹਾਨੂੰ ਹੱਡੀਆਂ ਦੀ ਕਿਸੇ ਵੀ ਤਰ੍ਹਾਂ ਦੀ ਸਮੱਸਿਆ ਹੈ ਤਾਂ ਰੋਜ਼ਾਨਾ ਦਿਨ ’ਚ ਚਾਰ-ਪੰਜ ਅੰਜੀਰ ਜ਼ਰੂਰ ਖਾਓ। ਇਸ ਨਾਲ ਤੁਹਾਨੂੰ ਬਹੁਤ ਜ਼ਿਆਦਾ ਫ਼ਾਇਦਾ ਹੋਵੇਗਾ।

ਤਣਾਅ ਦੀ ਸਮੱਸਿਆ: ਅੰਜੀਰ ’ਚ ਉਹ ਸਭ ਗੁਣ ਹੁੰਦੇ ਹਨ ਜੋ ਤਣਾਅ ਨੂੰ ਘੱਟ ਕਰਦੇ ਹਨ। ਇਸ ਨਾਲ ਤਣਾਅ ਪੈਦਾ ਕਰਨ ਵਾਲੇ ਹਾਰਮੋਨਸ ਘੱਟ ਹੁੰਦੇ ਹਨ। ਇਸ ਲਈ ਜੇਕਰ ਤੁਹਾਨੂੰ ਵੀ ਤਣਾਅ ਦੀ ਸਮੱਸਿਆ ਰਹਿੰਦੀ ਹੈ ਤਾਂ ਅੰਜੀਰ ਦੀ ਵਰਤੋਂ ਜ਼ਰੂਰ ਕਰੋ। ਇਸ ਨਾਲ ਤਣਾਅ ਦੀ ਸਮੱਸਿਆ ਦੂਰ ਹੋ ਜਾਵੇਗੀ।

ਕਬਜ਼ ਦੀ ਸਮੱਸਿਆ: ਅੰਜੀਰ ਕਬਜ਼ ਦੀ ਸਮੱਸਿਆ ਲਈ ਬਹੁਤ ਜ਼ਿਆਦਾ ਫ਼ਾਇਦੇਮੰਦ ਹੈ। ਇਸ ਨਾਲ ਪੁਰਾਣੀ ਤੋਂ ਪੁਰਾਣੀ ਕਬਜ਼ ਵੀ ਠੀਕ ਹੋ ਜਾਂਦੀ ਹੈ। ਇਸ ਦੇ ਲਈ ਰੋਜ਼ਾਨਾ ਤਿੰਨ-ਚਾਰ ਅੰਜੀਰ ਦੁੱਧ ’ਚ ਉਬਾਲ ਕੇ ਰਾਤ ਨੂੰ ਸੌਂਦੇ ਸਮੇਂ ਪੀਓ ਅਤੇ ਅੰਜੀਰ ਖਾ ਲਓ। ਇਸ ਨਾਲ ਕਬਜ਼ ਦੂਰ ਹੋ ਜਾਵੇਗੀ। ਇਸ ਦੇ ਨਾਲ-ਨਾਲ ਤਿੰਨ-ਚਾਰ ਅੰਜੀਰ ਰਾਤ ਨੂੰ ਪਾਣੀ ’ਚ ਭਿਓ ਕੇ ਰੱਖੋ ਅਤੇ ਸਵੇਰੇ ਖਾਲੀ ਪੇਟ ਇਹ ਅੰਜੀਰ ਖਾ ਲਓ। ਇਸ ਨਾਲ ਬਹੁਤ ਜਲਦ ਕਬਜ਼ ਦੀ ਸਮੱਸਿਆ ਦੂਰ ਹੋ ਜਾਵੇਗੀ।

ਜੋੜਾਂ ਦੇ ਦਰਦ ਸਣੇ ਸਰੀਰ ਦੀਆਂ ਕਈ ਸਮੱਸਿਆਵਾਂ ਤੋਂ ਰਾਹਤ ਦਿਵਾਉਂਦੀ ਹੈ ਰਾਈ

ਰਾਈ ਦੀ ਵਰਤੋਂ ਖਾਣੇ ਦਾ ਸੁਆਦ ਵਧਾਉਣ ਲਈ ਕੀਤੀ ਜਾਂਦੀ ਹੈ। ਖਾਣੇ ਨੂੰ ਸੁਆਦ ਬਣਾਉਣ ਦੇ ਲਈ ਵੀ ਲੋਕਾਂ ਦੇ ਘਰਾਂ ਵਿਚ ਰਾਈ ਦੀ ਵਰਤੋਂ ਕੀਤੀ ਜਾਂਦੀ ਹੈ। ਖਾਣੇ ਦੇ ਨਾਲ-ਨਾਲ ਰਾਈ ਸਿਹਤ ਸਬੰਧੀ ਕਈ ਸਮੱਸਿਆਵਾਂ ਨੂੰ ਦੂਰ ਕਰਨ ਵਿਚ ਵੀ ਮਦਦ ਕਰਦੀ ਹੈ। ਰਾਈ ਔਸ਼ਧੀ ਗੁਣਾਂ ਨਾਲ ਭਰਪੂਰ ਹੁੰਦੀ ਹੈ, ਜਿਸ ਕਰਕੇ ਇਸ ਦੀ ਵਰਤੋਂ ਕੰਨ ’ਚ ਹੋਣ ਵਾਲੇ ਦਰਦ ਨੂੰ ਦੂਰ ਕਰਨ ਲਈ ਕੀਤੀ ਜਾਂਦੀ ਹੈ। ਅੱਜ ਅਸੀਂ ਤੁਹਾਨੂੰ ਰਾਈ ਨਾਲ ਦੂਰ ਹੋਣ ਵਾਲੀਆਂ ਸਮੱਸਿਆਵਾਂ ਦੇ ਬਾਰੇ ਜਾਣਕਾਰੀ ਦੇਣ ਜਾ ਰਹੇ ਹਾਂ....

1. ਗਠੀਆ ਦੇ ਦਰਦ ਤੋਂ ਛੁਟਕਾਰਾ

ਜੇਕਰ ਤੁਹਾਨੂੰ ਗਠੀਆ ਦਾ ਰੋਗ ਹੈ ਤਾ ਤੁਸੀਂ ਰਾਈ ਨੂੰ ਆਪਣੇ ਖਾਣੇ ’ਚ ਜ਼ਰੂਰ ਸ਼ਾਮਲ ਕਰੋ। ਇਸ ’ਚ ਸੈਲੇਨੀਅਮ ਅਤੇ ਮੈਗਨੀਸ਼ੀਅਮ ਪਾਇਆ ਜਾਂਦਾ ਹੈ। ਇਸ ਨਾਲ ਗਠੀਆ ਦੇ ਦਰਦ ਤੋਂ ਛੁਟਕਾਰਾ ਮਿਲਦਾ ਹੈ।

2. ਮਾਇਗ੍ਰੇਨ ਦੇ ਦਰਦ ਤੋਂ ਮਿਲੇ ਛੁਟਕਾਰਾ- ਮਾਇਗ੍ਰੇਨ ਦੇ ਦਰਦ ਤੋਂ ਰਾਈ ਹੀ ਬਚਾ ਸਕਦੀ ਹੈ। ਜੇਕਰ ਤੁਸੀਂ ਮੱਛੀ ਖਾਂਦੇ ਹੋ ਤਾਂ ਰਾਈ ਦਾ ਤੜਕਾ ਲਗਾ ਕੇ ਪਕਾਓ। ਇਸ ’ਚ ਓਮੇਗਾ 3 ਫੈਟੀ ਐਸਿਡ ਪਾਇਆ ਹੁੰਦਾ ਹੈ ਜੋ ਮਾਇਗ੍ਰੇਨ ਦੇ ਦਰਦ ਤੋਂ ਛੁਟਕਾਰਾ ਦਿਵਾਉਂਦਾ ਹੈ।

3. ਵਾਲਾਂ ਦੀਆਂ ਸਮੱਸਿਆਵਾਂ ਨੂੰ ਕਰੇ ਦੂਰ

ਜੇਕਰ ਵਾਲਾਂ ਨਾਲ ਜੁੜੀ ਕੋਈ ਪਰੇਸ਼ਾਨੀ ਹੋ ਜਿਵੇਂ ਸਿਕਰੀ ਅਤੇ ਵਾਲਾਂ ਦਾ ਝੜਨਾ ਆਦਿ। ਇਸ ਦੇ ਲਈ ਰਾਈ ਦੇ ਘੋਲ ਦਾ ਪਤਲਾ ਲੇਪ ਬਣਾ ਕੇ ਵਾਲਾਂ ’ਤੇ ਲਗਾਓ। ਇਹ ਸਮੱਸਿਆ ਦੂਰ ਹੋ ਜਾਵੇਗੀ।

4. ਜੋੜਾਂ ਦਾ ਦਰਦ

ਇਸ ਨੂੰ ਪੀਸ ਕੇ ਕਪੂਰ ਵਿਚ ਮਿਕਸ ਕਰਕੇ ਰੋਜ਼ਾਨਾ ਮਾਲਿਸ਼ ਕਰਨ ਨਾਲ ਜੋੜਾਂ ਅਤੇ ਗੋਡਿਆਂ ਦਾ ਦਰਦ ਕੁਝ ਹੀ ਦਿਨਾਂ ਵਿਚ ਦੂਰ ਹੋ ਜਾਵੇਗਾ।

5. ਕੰਨ ਦਰਦ

ਇਸ ਨੂੰ ਜੈਤੂਨ ਦੇ ਤੇਲ ਵਿਚ ਮਿਕਸ ਕਰਕੇ 2-3 ਬੂੰਦਾ ਰੋਜ਼ਾਨਾ ਕੰਨ ਵਿਚ ਪਾਓ। ਇਸ ਨਾਲ ਕੰਨ ਦਾ ਦਰਦ ਦੂਰ ਹੋ ਜਾਵੇਗਾ ਅਤੇ ਇਨਫੈਕਸ਼ਨ ਵੀ ਖਤਮ ਹੋ ਜਾਵੇਗੀ।

6. ਕਾਲੇ ਬੁਲ੍ਹ

ਕਈ ਵਾਰ ਗਲਤ-ਗਲਤ ਪ੍ਰੋਡਕਟ ਅਤੇ ਸਿਗਰਟ ਦੀ ਵਰਤੋਂ ਨਾਲ ਬੁਲ੍ਹ ਕਾਲੇ ਹੋ ਜਾਂਦੇ ਹਨ। ਅਜਿਹੇ ਵਿਚ ਕਾਲਾਪਨ ਦੂਰ ਕਰਨ ਲਈ ਰੋਜ਼ਾਨਾ ਰਾਈ ਨੂੰ ਪੀਸ ਕੇ ਲਗਾਓ।

7. ਘਬਰਾਹਟ ਮਹਿਸੂਸ ਹੋਣ ’ਤੇ

ਕਦੇ-ਕਦੇ ਸਾਨੂੰ ਅਚਾਨਕ ਹੀ ਘਬਰਾਹਟ ਮਹਿਸੂਸ ਹੋਣ ਸ਼ੁਰੂ ਹੋ ਜਾਂਦੀ ਹੈ। ਇਸ ਸਮੱਸਿਆ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਰਾਈ ਦੀ ਵਰਤੋਂ ਕਰ ਸਕਦੇ ਹੋ। ਰਾਈ ਨੂੰ ਪੀਸ ਲਓ ਅਤੇ ਹੱਥਾਂ ਅਤੇ ਪੈਰਾਂ ਦੇ ਤਲਵਿਆਂ ’ਤੇ ਮੱਲੋ।

8. ਜ਼ੁਕਾਮ ਹੋਣ ’ਤੇ

ਜ਼ੁਕਾਮ ਦੀ ਸਮੱਸਿਆ ਹੋਣ ’ਤੇ ਰਾਈ ਨੂੰ ਸ਼ਹਿਦ ’ਚ ਮਿਲਾ ਕੇ ਸੁੰਘੋ। ਅਜਿਹਾ ਕਰਨ ਨਾਲ ਜ਼ੁਕਾਮ ਤੋਂ ਆਰਾਮ ਮਿਲੇਗਾ।

9. ਫੋੜੇ ਫਿੰਸੀਆਂ

ਰਾਈ ਦੇ ਘੋਲ ਨੂੰ ਹਫਤੇ ਵਿਚ ਤਿੰਨ ਵਾਰ ਸਿਰ ’ਤੇ ਲਗਾਉਣ ਨਾਲ ਕੁਝ ਹੀ ਸਮੇਂ ਵਿਚ ਫੋੜੇ-ਫਿੱਸੀਆਂ ਦੂਰ ਹੋ ਜਾਂਦੀਆਂ ਹਨ।

ਜੇਕਰ ਤੁਹਾਨੂੰ ਵਾਰ-ਵਾਰ ਆਉਂਦੇ ਨੇ ‘ਚੱਕਰ’ ਤਾਂ ਕਦੇ ਨਾ ਕਰੋ ਨਜ਼ਰਅੰਦਾਜ਼

ਕਈ ਵਾਰ ਜ਼ਿਆਦਾ ਥਕਾਵਟ ਦੀ ਕਾਰਨ ਚੱਕਰ ਆਉਣ ਲੱਗਦੇ ਹਨ ਪਰ ਕਈ ਲੋਕਾਂ ਨੂੰ ਬਹੁਤ ਜ਼ਿਆਦਾ ਚੱਕਰ ਆਉਂਦੇ ਹਨ। ਇਸ ਨੂੰ ਕਦੇ ਵੀ ਨਜ਼ਰਅੰਦਾਜ਼ ਨਾ ਕਰੋ। ਰੋਜ਼ਾਨਾ ਬਿਨਾਂ ਕਿਸੇ ਕਾਰਨ ਤੋਂ ਚੱਕਰ ਆਉਣੇ ਭਾਵੇਂ ਤੁਹਾਨੂੰ ਸਾਧਾਰਨ ਲੱਗਦੇ ਹਨ ਪਰ ਇਹ ਕਈ ਗੰਭੀਰ ਬੀਮਾਰੀਆਂ ਦਾ ਸੰਕੇਤ ਵੀ ਹੋ ਸਕਦੇ ਹਨ। ਜਦੋਂ ਸਾਡੇ ਸਰੀਰ ਵਿਚ ਅੱਖਾਂ, ਦਿਮਾਗ, ਕੰਨ, ਪੈਰ ਜਾਂ ਫਿਰ ਰੀੜ੍ਹ ਦੀ ਹੱਡੀ ਦੀਆਂ ਨਾੜਾਂ ਠੀਕ ਤਰ੍ਹਾਂ ਕੰਮ ਨਹੀਂ ਕਰਦੀਆਂ ਤਾਂ ਚੱਕਰ ਆਉਣ ਲੱਗਦੇ ਹਨ। ਇਸ ਨਾਲ ਅੱਖਾਂ ਅੱਗੇ ਹਨੇਰਾ ਆ ਜਾਂਦਾ ਹੈ। ਇਸ ਲਈ ਇਸ ਸਮੱਸਿਆ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ। ਅੱਜ ਅਸੀਂ ਤੁਹਾਨੂੰ ਦੱਸਾਂਗੇ ਉਹ ਸਮੱਸਿਆਵਾਂ ਜਿਨ੍ਹਾਂ ਵਿੱਚ ਚੱਕਰ ਆਉਂਦੇ ਹਨ ਅਤੇ ਚੱਕਰ ਆਉਣੇ ਇਨ੍ਹਾਂ ਗੰਭੀਰ ਬੀਮਾਰੀਆਂ ਦਾ ਸੰਕੇਤ ਹੁੰਦਾ ਹੈ ।

ਜਾਣੋ ਕਿਉਂ ਆਉਂਦੇ ਹਨ ਚੱਕਰ

ਦਰਅਸਲ ਜਦੋਂ ਅੱਖਾਂ, ਦਿਮਾਗ, ਕੰਨ, ਪੈਰਾਂ ਅਤੇ ਰੀੜ ਦੀਆਂ ਨਾੜਾਂ ਠੀਕ ਤਰ੍ਹਾਂ ਕੰਮ ਨਹੀਂ ਕਰਦੀਆਂ ਤਾਂ ਚੱਕਰ, ਅੱਖਾਂ ਦੇ ਅੱਗੇ ਹਨ੍ਹੇਰਾ ਛਾ ਜਾਣ ਵਰਗੇ ਲੱਛਣ ਦਿਖਾਈ ਦਿੰਦੇ ਹਨ। ਅਜਿਹੇ ’ਚ ਇਸ ਨੂੰ ਹਲਕੇ ’ਚ ਲੈਣਾ ਤੁਹਾਡੇ ਲਈ ਹਾਨੀਕਾਰਕ ਹੋ ਸਕਦਾ ਹੈ। ਕਈ ਵਾਰ ਚੱਕਰ ਆਉਣਾ ਤਣਾਅ, ਮਾਈਗ੍ਰੇਨ, ਬ੍ਰੇਨ ਜਾਂ ਕੰਨ ਦਾ ਟਿਊਮਰ, ਤੰਤਰਿਕਾ ਤੰਤਰ ’ਚ ਪ੍ਰਾਬਲਮ ਦਾ ਸੰਕੇਤ ਵੀ ਹੋ ਸਕਦਾ ਹੈ। ਅਜਿਹੇ ’ਚ ਇਸ ਨੂੰ ਨਜ਼ਰ-ਅੰਦਾਜ਼ ਬਿਲਕੁੱਲ ਵੀ ਨਾ ਕਰੋ।

ਨਸਾਂ ਦੀ ਕਮਜ਼ੋਰੀ

ਨਸਾਂ ਵਿੱਚ ਕਮਜ਼ੋਰੀ ਹੋਣ ਕਾਰਨ ਨਸਾਂ ਵਿਚ ਦਰਦ ਅਤੇ ਸੋਜ ਹੋਣ ਲੱਗਦੀ ਹੈ। ਇਸ ਨਾਲ ਚੱਕਰ ਆਉਣ ਲੱਗਦੇ ਹਨ। ਇਸ ਤਰ੍ਹਾਂ ਦੀ ਸਮੱਸਿਆ ਹੋਣ ’ਤੇ ਇਸ ਨੂੰ ਕਦੇ ਵੀ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ।

ਮਾਈਗ੍ਰੇਨ ਦੀ ਸਮੱਸਿਆ

ਬਹੁਤ ਵਾਰ ਚੱਕਰ ਆਉਣੇ ਤਣਾਅ, ਦਿਮਾਗ, ਦਿਮਾਗ ਜਾਂ ਫਿਰ ਕੰਨ ਦਾ ਟਿਊਮਰ ਅਤੇ ਮਾਈਗ੍ਰੇਨ ਦਾ ਸੰਕੇਤ ਹੋ ਸਕਦਾ ਹੈ। ਇਸ ਲਈ ਰੋਜ਼ਾਨਾ ਬਹੁਤ ਜ਼ਿਆਦਾ ਚੱਕਰ ਆਉਣੇ ਕਈ ਗੰਭੀਰ ਬੀਮਾਰੀਆਂ ਦਾ ਸੰਕੇਤ ਹੋ ਸਕਦਾ ਹੈ ।

ਦਿਮਾਗ ਤੱਕ ਆਕਸੀਜਨ ਦਾ ਨਾ ਪਹੁੰਚਣੀ

ਸਾਡੇ ਦਿਮਾਗ ਨੂੰ ਆਕਸੀਜਨ ਦੀ ਬਹੁਤ ਜ਼ਿਆਦਾ ਜ਼ਰੂਰਤ ਹੁੰਦੀ ਹੈ। ਇਹ ਖ਼ੂਨ ਰਾਹੀਂ ਦਿਮਾਗ ਤਕ ਪਹੁੰਚਦੀ ਹੈ ਪਰ ਕਈ ਵਾਰ ਖ਼ੂਨ ਦੇ ਥੱਕੇ ਬਣਨ ਅਤੇ ਖ਼ਰਾਬ ਬਲੱਡ ਸਰਕੁਲਸ਼ਨ ਦੇ ਕਾਰਨ ਦਿਮਾਗ ਤਕ ਸਹੀ ਮਾਤਰਾ ਵਿੱਚ ਆਕਸੀਜਨ ਨਹੀਂ ਪਹੁੰਚਦੀ। ਇਸ ਨਾਲ ਚੱਕਰ ਅਤੇ ਬੇਹੋਸ਼ੀ ਜਿਹੀ ਸਮੱਸਿਆ ਹੋਣ ਲੱਗਦੀ ਹੈ ।

ਕੰਨ ਵਿਚ ਇਨਫੈਕਸ਼ਨ ਹੋਣੀ

ਜਦੋਂ ਸਾਡੇ ਕੰਨ ਵਿਚ ਇਨਫੈਕਸ਼ਨ ਹੋ ਲੱਗਦੀ ਹੈ ਜਾਂ ਫਿਰ ਸੁਣਨ ਵਿੱਚ ਦਿੱਕਤ ਹੋਣ ਕਾਰਨ ਵੀ ਚੱਕਰ ਆਉਣ ਲੱਗਦੇ ਹਨ । ਇਸ ਲਈ ਚੱਕਰ ਆਉਣ ਦਾ ਮੁੱਖ ਕਾਰਨ ਕੰਨਾਂ ਦੀ ਇਨਫੈਕਸ਼ਨ ਵੀ ਹੋ ਸਕਦਾ ਹੈ ।

ਸਰੀਰ ਵਿੱਚ ਪਾਣੀ ਦੀ ਘਾਟ ਹੋਣੀ

ਜੋ ਲੋਕ ਘੱਟ ਮਾਤਰਾ ਵਿਚ ਪਾਣੀ ਪੀਂਦੇ ਹਨ। ਉਨ੍ਹਾਂ ਨੂੰ ਵੀ ਜ਼ਿਆਦਾਤਰ ਚੱਕਰ ਆਉਣੇ, ਲਗਾਤਾਰ ਸਿਰਦਰਦ ਰਹਿਣਾ ਅਤੇ ਅੱਖਾਂ ਅੱਗੇ ਧੁੰਦਲਾਪਣ ਜਿਹੀਆਂ ਸਮੱਸਿਆਵਾਂ ਹੋਣ ਲੱਗਦੀਆਂ ਹਨ। ਇਹ ਸਮੱਸਿਆ ਜ਼ਿਆਦਾਤਰ ਬਜ਼ੁਰਗਾਂ ਅਤੇ ਸ਼ੂਗਰ ਦੇ ਮਰੀਜ਼ਾਂ ਵਿੱਚ ਜ਼ਿਆਦਾ ਹੁੰਦੀ ਹੈ ।

ਸਰੀਰ ਵਿਚ ਸੈੱਲਸ ਘੱਟ ਹੋਣੇ

ਸਰੀਰ ਵਿਚ ਕਮਜ਼ੋਰੀ, ਖ਼ੂਨ ਦੀ ਘਾਟ ਜਾਂ ਫਿਰ ਸੈਲਸ ਘੱਟ ਹੋਣ ਕਾਰਨ ਵੀ ਚੱਕਰ ਆਉਣ ਲੱਗਦੇ ਹਨ। ਇਸ ਤਰ੍ਹਾਂ ਦੀ ਸਮੱਸਿਆ ਹੋਣ ’ਤੇ ਤੁਹਾਨੂੰ ਹੈਲਦੀ ਡਾਈਟ ਜਿਵੇਂ ਫਲ, ਸਬਜ਼ੀਆਂ, ਕੀਵੀ, ਅਨਾਰ ਅਤੇ ਨਾਰੀਅਲ ਪਾਣੀ ਵੱਧ ਤੋਂ ਵੱਧ ਦੇਣਾ ਚਾਹੀਦਾ ਹੈ ।

ਪਹਿਲੇ ਦਿਨ ਖ਼ਾਸ ਕਮਾਲ ਨਹੀਂ ਦਿਖਾ ਪਾਈ ਫ਼ਿਲਮ '83'



ਲੰਮੇ ਇੰਤਜ਼ਾਰ ਤੋਂ ਬਾਅਦ ਆਖਿਰਕਾਰ ਫ਼ਿਲਮ '83' ਰਿਲੀਜ਼ ਹੋ ਗਈ ਹੈ। ਫ਼ਿਲਮ 1983 ਵਰਲਡ ਕੱਪ ਦੇ ਇਤਿਹਾਸਕ ਪਲ 'ਤੇ ਬਣੀ ਹੈ। ਇਸ ਦੇ ਮੁੱਖ ਅਦਾਕਾਰ ਰਣਵੀਰ ਸਿੰਘ ਹਨ। ਰਣਵੀਰ ਸਿੰਘ ਨੇ ਫ਼ਿਲਮ 'ਚ ਕਪਿਲ ਦੇਵ ਦੀ ਭੂਮਿਕਾ ਨਿਭਾਈ ਹੈ।

'83' ਫ਼ਿਲਮ 'ਚ ਰਣਵੀਰ ਬਿਲਕੁਲ ਕਪਿਲ ਦੇਵ ਵਾਂਗ ਨਜ਼ਰ ਆ ਰਹੇ ਹਨ। ਇਸ ਲਈ ਉਨ੍ਹਾਂ ਦੇ ਮੇਕਅੱਪ ਆਰਟਿਸਟ ਦੀ ਕਾਫੀ ਤਾਰੀਫ਼ ਵੀ ਹੋ ਰਹੀ ਹੈ।

ਰਿਲੀਜ਼ ਤੋਂ ਪਹਿਲਾਂ ਹੀ '83' ਨੂੰ ਲੈ ਕੇ ਲੋਕਾਂ ਵਿਚਾਲੇ ਉਤਸ਼ਾਹ ਬਣਿਆ ਹੋਇਆ ਸੀ। ਲੱਗਦਾ ਸੀ ਕਿ ਇਹ ਫ਼ਿਲਮ ਹਿੱਟ ਹੋਣ ਵਾਲੀ ਹੈ, ਹੋਇਆ ਵੀ ਇੰਝ ਹੀ। ਦਰਸ਼ਕਾਂ ਨੂੰ ਰਣਵੀਰ ਸਿੰਘ ਦੀ ਫ਼ਿਲਮ ਕਾਫੀ ਪਸੰਦ ਆ ਰਹੀ ਹੈ। ਇਹੀ ਕਾਰਨ ਹੈ ਕਿ ਪਹਿਲੇ ਹੀ ਦਿਨ ਫ਼ਿਲਮ ਨੇ ਬਾਕਸ ਆਫਿਸ 'ਤੇ ਚੰਗਾ ਪ੍ਰਦਰਸ਼ਨ ਕੀਤਾ ਹੈ।

ਬਾਕਸ ਆਫਿਸ ਇੰਡੀਆ ਮੁਤਾਬਕ '83' ਨੇ ਪਹਿਲੇ ਦਿਨ 15 ਕਰੋੜ ਰੁਪਏ ਦੀ ਕਮਾਈ ਕੀਤੀ ਹੈ। ਕਮਾਈ ਦੇ ਮਾਮਲੇ 'ਚ ਰਣਵੀਰ ਸਿੰਘ ਦੀ ਫ਼ਿਲਮ ਅਕਸ਼ੇ ਕੁਮਾਰ ਦੀ 'ਸੂਰਿਆਵੰਸ਼ੀ' ਤੇ ਅੱਲੂ ਅਰਜੁਨ ਦੀ ਫ਼ਿਲਮ 'ਪੁਸ਼ਪਾ' ਤੋਂ ਕਾਫੀ ਪਿੱਛੇ ਰਹਿ ਗਈ। 'ਸੂਰਿਆਵੰਸ਼ੀ' ਨੇ ਪਹਿਲੇ ਦਿਨ 26.29 ਕਰੋੜ ਦਾ ਕਾਰੋਬਾਰ ਕੀਤਾ ਸੀ, ਉਥੇ 'ਪੁਸ਼ਪਾ' ਨੇ ਪਹਿਲੇ ਦਿਨ 50 ਕਰੋੜ ਰੁਪਏ ਦੀ ਕਮਾਈ ਕੀਤੀ ਸੀ।

ਵੀਕੈਂਡ 'ਤੇ ਫ਼ਿਲਮ ਦਾ ਕਾਰੋਬਾਰ ਵਧਣ ਦੀ ਉਮੀਦ ਹੈ। ਫ਼ਿਲਮ ਨੂੰ ਸਮੀਖਿਅਕਾਂ ਤੇ ਦਰਸ਼ਕਾਂ ਦੋਵਾਂ ਦੇ ਚੰਗੇ ਰੀਵਿਊਜ਼ ਮਿਲ ਰਹੇ ਹਨ। ਹਰ ਕੋਈ ਫ਼ਿਲਮ ਦੀ ਕਹਾਣੀ ਤੇ ਸਿਤਾਰਿਆਂ ਦੀ ਅਦਾਕਾਰੀ ਦੀ ਤਾਰੀਫ਼ ਕਰ ਰਿਹਾ ਹੈ। ਕਬੀਰ ਖ਼ਾਨ ਦੇ ਨਿਰਦੇਸ਼ਨ 'ਚ ਬਣੀ ਇਸ ਫ਼ਿਲਮ 'ਚ ਦੀਪਿਕਾ ਪਾਦੁਕੋਣ ਨੇ ਕਪਿਲ ਦੇਵ ਦੀ ਪਤਨੀ ਦਾ ਕਿਰਦਾਰ ਨਿਭਾਇਆ ਹੈ। ਦੀਪਿਕਾ ਫ਼ਿਲਮ ਦੀ ਅਦਾਕਾਰਾ ਹੋਣ ਦੇ ਨਾਲ-ਨਾਲ ਇਸ ਦੀ ਪ੍ਰੋਡਿਊਸਰ ਵੀ ਹੈ।

'ਰਾਧੇ ਸ਼ਿਆਮ' ਦਾ ਜ਼ਬਰਦਸਤ ਟਰੇਲਰ ਰਿਲੀਜ਼



ਰਾਧਾ ਕ੍ਰਿਸ਼ਣ ਕੁਮਾਰ ਦੀ ਫ਼ਿਲਮ 'ਰਾਧੇ ਸ਼ਿਆਮ' ਦਾ ਚਿਰਾਂ ਤੋਂ ਉਡੀਕਿਆ ਜਾ ਰਿਹਾ ਟਰੇਲਰ ਆਖਿਰਕਾਰ ਰਿਲੀਜ਼ ਹੋ ਗਿਆ ਹੈ। ਨਿਰਦੇਸ਼ਕ ਨੇ ਫ਼ਿਲਮ ਨੂੰ ਅੰਤਰਰਾਸ਼ਟਰੀ ਪੱਧਰ ਦਾ ਬਣਾਉਣ 'ਚ ਕੋਈ ਕਸਰ ਨਹੀਂ ਛੱਡੀ ਹੈ। ਇਕ ਪਾਸੇ ਜਿਥੇ ਮਜ਼ੇਦਾਰ ਟਰੇਲਰ ਮੈਸਿਵ, ਕਲਰਫੁਲ ਤੇ ਬਿੱਗ ਸਕੇਲ 'ਤੇ ਨਜ਼ਰ ਆ ਰਿਹਾ ਹੈ, ਉਥੇ ਟਰੇਲਰ 'ਚ ਪ੍ਰਭਾਸ ਤੇ ਪੂਜਾ ਹੇਗੜੇ ਦੀ ਖ਼ੂਬਸੂਰਤ ਕੈਮਿਸਟਰੀ ਤੋਂ ਇਲਾਵਾ ਵੱਖ-ਵੱਖ ਲੈਂਡਸਕੇਪ ਤੇ ਐਗਜ਼ਾਟਿਕ ਸੀਨਜ਼ ਨੂੰ ਵੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ।

ਹਰ ਦ੍ਰਿਸ਼ ਇਕ ਮਾਸਟਰਪੀਸ ਲੱਗਦਾ ਹੈ। ਨਾਲ ਹੀ ਪ੍ਰਭਾਸ ਤੇ ਪੂਜਾ ਹੇਗੜੇ ਦੇ ਪ੍ਰਸ਼ੰਸਕ ਉਨ੍ਹਾਂ ਦੀ ਸਿਜ਼ਲਿੰਗ ਕੈਮਿਸਟਰੀ ਨੂੰ ਦੇਖ ਕੇ ਸੋਸ਼ਲ ਮੀਡੀਆ 'ਤੇ ਪਾਗਲ ਹੋ ਗਏ ਹਨ ਪਰ ਨਾਲ ਹੀ ਉਹ ਮਿਸਟਰੀ ਐਲੀਮੈਂਟ ਤੇ ਇਨ੍ਹਾਂ ਦੋਵਾਂ ਦੇ ਕਿਰਦਾਰਾਂ ਵਿਚਾਲੇ ਸੰਘਰਸ਼ ਬਾਰੇ ਸੋਚਣ ਤੋਂ ਖ਼ੁਦ ਨੂੰ ਰੋਕ ਨਹੀਂ ਪਾ ਰਹੇ।

ਟਰੇਲਰ 'ਚ ਇਕ ਮਿਸਟੀਰੀਅਸ ਲਵਰ ਬੁਆਏ ਵਿਕਰਮ ਆਦਿਤਿਆ ਦੇ ਰੂਪ 'ਚ ਸ਼ਕਤੀਸ਼ਾਲੀ ਪ੍ਰਭਾਸ ਦੀਆਂ ਕੁਝ ਝਲਕੀਆਂ ਨਜ਼ਰ ਆਈਆਂ ਹਨ, ਜਿਨ੍ਹਾਂ ਨੂੰ ਲਾਜਵਾਬ ਕਿਹਾ ਜਾ ਸਕਦਾ ਹੈ ਤੇ ਇਹ ਸਭ ਅਸੀਂ ਭਾਰਤੀ ਸਿਨੇਮੇ 'ਚ ਅਜੇ ਤਕ ਨਹੀਂ ਦੇਖਿਆ ਹੈ। ਇਹ ਝਲਕੀਆਂ ਇਕ ਅਨੋਖੀ ਪ੍ਰੇਮ ਕਹਾਣੀ ਬਿਆਨ ਕਰਦੀਆਂ ਹਨ। ਟਰੇਲਰ 'ਚ ਦੇਖਿਆ ਕਿ ਕਹਾਣੀ ਕਿਵੇਂ ਅੱਗੇ ਵੱਧਦੀ ਹੈ ਪਰ ਰਹੱਸ ਬਣਿਆ ਹੋਇਆ ਹੈ।

ਇਸ 'ਚ ਕੋਈ ਸ਼ੱਕ ਨਹੀਂ ਕਿ ਪ੍ਰਭਾਸ ਦੀ ਭੂਮਿਕਾ ਬਹੁਤ ਹੀ ਅਨੋਖੀ ਹੈ। ਪ੍ਰਭਾਸ ਦੇ ਪ੍ਰਸ਼ੰਸਕ ਯਕੀਨੀ ਰੂਪ ਨਾਲ 'ਰਾਧੇ ਸ਼ਿਆਮ' 'ਚ ਉਸ ਦੇ ਕਿਰਦਾਰ ਨੂੰ ਦੇਖਣ ਲਈ ਬੇਹੱਦ ਉਤਸ਼ਾਹਿਤ ਹਨ।

ਸਲਮਾਨ ਖ਼ਾਨ ਨੇ ਫਾਰਮਹਾਊਸ 'ਚ ਮਨਾਇਆ ਆਪਣਾ ਜਨਮਦਿਨ

ਬਾਲੀਵੁੱਡ ਸੁਪਰਸਟਾਰ ਸਲਮਾਨ ਖ਼ਾਨ ਅੱਜ 56 ਸਾਲਾਂ ਦੇ ਹੋ ਗਏ ਹਨ। ਇਸ ਮੌਕੇ ਸਲਮਾਨ ਖ਼ਾਨ ਨੇ ਆਪਣੇ ਪਨਵੇਲ ਫਾਰਮਹਾਊਸ 'ਚ ਸ਼ਾਨਦਾਰ ਪਾਰਟੀ ਦਿੱਤੀ। ਪਾਰਟੀ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ 'ਤੇ ਸਾਹਮਣੇ ਆਈਆਂ ਹਨ।

ਸਲਮਾਨ ਦੀ ਜਨਮਦਿਨ ਪਾਰਟੀ ਦੀਆਂ ਕੁਝ ਅੰਦਰਲੀਆਂ ਤਸਵੀਰਾਂ ਸਾਹਮਣੇ ਆਈਆਂ ਹਨ, ਜਿਨ੍ਹਾਂ 'ਚ ਉਹ ਆਪਣੇ ਬਾਡੀਗਾਰਡ ਸ਼ੇਰਾ ਨਾਲ ਪੋਜ਼ ਦਿੰਦੇ ਨਜ਼ਰ ਆ ਰਹੇ ਹਨ

ਦੱਸ ਦੇਈਏ ਕਿ 27 ਦਸੰਬਰ ਨੂੰ ਸਲਮਾਨ ਨਾਲ ਉਨ੍ਹਾਂ ਦੀ ਭਾਣਜੀ ਆਯਤ ਦਾ ਵੀ ਜਨਮਦਿਨ ਹੁੰਦਾ ਹੈ, ਇਸ ਲਈ ਫਾਰਮਹਾਊਸ 'ਚ ਹੋਈ ਖ਼ੂਬਸੂਰਤ ਸਜਾਵਟ 'ਚ ਦੋਵਾਂ ਦੇ ਨਾਂ ਦਿਖਾਈ ਦਿੱਤੇ।

ਪਾਰਟੀ ਦੀ ਇਕ ਵੀਡੀਓ ਵੀ ਵਾਇਰਲ ਹੋ ਰਹੀ ਹੈ, ਜਿਸ 'ਚ ਸਲਮਾਨ ਆਯਤ ਨਾਲ ਕੇਕ ਕੱਟਦੇ ਨਜ਼ਰ ਆ ਰਹੇ ਹਨ।

ਸਲਮਾਨ ਜਨਮਦਿਨ ਦੌਰਾਨ ਫਾਰਮਹਾਊਸ ਤੋਂ ਬਾਹਰ ਵੀ ਨਿਕਲੇ ਤੇ ਉਨ੍ਹਾਂ ਨੇ ਮੀਡੀਆ ਤੇ ਫੋਟੋਗ੍ਰਾਫਰਾਂ ਨਾਲ ਵੀ ਗੱਲਬਾਤ ਕੀਤੀ।

ਸਲਮਾਨ ਦੇ ਜਨਮਦਿਨ ਮੌਕੇ ਕੁਝ ਪ੍ਰਸ਼ੰਸਕ ਵੀ ਫਾਰਮਹਾਊਸ ਦੇ ਬਾਹਰ ਇਕੱਠੇ ਹੋ ਗਏ ਸਨ, ਜਿਨ੍ਹਾਂ ਨਾਲ ਸਲਮਾਨ ਨੇ ਮੁਲਾਕਾਤ ਕੀਤੀ ਤੇ ਉਨ੍ਹਾਂ ਨਾਲ ਤਸਵੀਰਾਂ ਵੀ ਖਿੱਚਵਾਈਆਂ। ਪ੍ਰਸ਼ੰਸਕਾਂ ਨੇ ਸਲਮਾਨ ਨੂੰ ਇਕ ਪਿਆਰੀ ਤਸਵੀਰ ਵੀ ਤੋਹਫ਼ੇ 'ਚ ਦਿੱਤੀ, ਜਿਸ 'ਚ ਉਹ ਆਪਣੀ ਮਾਂ ਨਾਲ ਨਜ਼ਰ ਆ ਰਹੇ ਹਨ।

ਇਸ ਸਾਲ ਦੀਆਂ ਉਹ ਬਾਲੀਵੁੱਡ ਫਿਲਮਾਂ ਜੋ ਓ.ਟੀ.ਟੀ 'ਤੇ ਵੀ ਰਹੀਆਂ ਫਲਾਪ

ਸਾਲ 2021 ਬਾਲੀਵੁੱਡ ਲਈ ਕਈ ਮਾਇਨਿਆਂ ਤੋਂ ਫਿੱਕਾ ਰਿਹਾ ਹੈ। ਕੋਰੋਨਾ ਦੀ ਦੂਜੀ ਲਹਿਰ ਦੌਰਾਨ ਮਾਰਚ 'ਚ ਸਿਨੇਮਾਘਰਾਂ ਦੇ ਬੰਦ ਹੋਣ ਦੇ ਚੱਲਦੇ ਕਈ ਫਿਲਮਾਂ ਨੂੰ ਓ.ਟੀ.ਟੀ 'ਤੇ ਰਿਲੀਜ਼ ਕਰਨਾ ਪਿਆ ਪਰ ਇਥੇ ਵੀ ਇਨ੍ਹਾਂ ਫਿਲਮਾਂ ਨੂੰ ਚੰਗਾ ਰਿਸਪਾਂਸ ਨਹੀਂ ਮਿਲਿਆ। ਇਸ ਸਾਲ ਰਿਲੀਜ਼ ਹੋਣ ਵਾਲੀਆਂ ਕਈਆਂ ਫਿਲਮਾਂ ਅਜਿਹੀਆਂ ਸਨ ਜੋ ਦਰਸ਼ਕਾਂ ਦੇ ਨਾ ਤਾਂ ਦਿਲ 'ਚ ਉਤਰੀਆਂ, ਨਾ ਹੀ ਦਿਮਾਗ 'ਚ, ਕੁੱਲ ਮਿਲਾ ਕੇ ਫਿੱਕੀਆਂ ਰਹੀਆਂ। ਹੁਣ ਸਾਲ ਖਤਮ ਹੋਣ ਵਾਲਾ ਹੈ। ਅਜਿਹੇ 'ਚ ਅਸੀਂ ਤੁਹਾਨੂੰ ਯਾਦ ਦਿਵਾਉਣਾ ਚਾਹੁੰਦੇ ਹਾਂ ਕਿ ਅਜਿਹੀਆਂ ਹੀ ਕੁਝ ਫਿਲਮਾਂ ਜੋ ਆਪਣਾ ਅਸਰ ਛੱਡਣ 'ਚ ਪੂਰੀ ਤਰ੍ਹਾਂ ਨਾਲ ਨਾਕਾਮ ਰਹੀਆਂ। ਆਓ ਇਕ ਨਜ਼ਰ ਮਾਰਦੇ ਹਾਂ ਅਜਿਹੀਆਂ ਹੀ ਪੰਜ ਬਾਲੀਵੁੱਡ ਫਿਲਮਾਂ 'ਤੇ, ਜਿਨ੍ਹਾਂ ਨੂੰ ਆਈ.ਐੱਮ.ਡੀ.ਬੀ. ਰੇਟਿੰਗ ਦੇ ਆਧਾਰ 'ਤੇ ਚੁਣਿਆ ਗਿਆ ਹੈ।

1. ਰਾਧੇ: ਯੋਰ ਮੋਸਟ ਵਾਂਟਿਡ ਭਾਈ


SALMAN KHAN FILMS presents
RADHE
YOUR MOST WANTED BHAI
DIRECTED BY PRABHUDEVA
PRODUCED BY SALMA KHAN, SOHAIL KHAN



ਇਸ ਲਿਸਟ 'ਚ ਸਭ ਤੋਂ ਪਹਿਲਾਂ ਨੰਬਰ ਆਉਂਦਾ ਹੈ ਫਿਲਮ ਰਾਧੇ: ਯੋਰ ਮੋਸਟ ਵਾਂਟਿਡ ਭਾਈ ਦਾ। ਫਿਲਮ ਨੂੰ ਸਲਮਾਨ ਖ਼ਾਨ ਵਰਗਾ ਸੁਪਰਸਟਾਰ ਵੀ ਬਚਾ ਨਹੀਂ ਪਾਇਆ ਅਤੇ ਇਹ ਬੇਅਸਰ ਸਾਬਿਤ ਹੋਈ। ਈਦ 'ਤੇ ਰਿਲੀਜ਼ ਹੋਈ ਇਸ ਫਿਲਮ ਨੂੰ ਆਈ.ਐੱਮ.ਡੀ.ਬੀ. 'ਤੇ 10 'ਚੋਂ 1.9 ਦੀ ਰੇਟਿੰਗ ਹੀ ਮਿਲ ਸਕੀ।

2. ਹੰਗਾਮਾ 2

ਬਾਲੀਵੁੱਡ ਦੀ ਮਸ਼ਹੂਰ ਅਦਾਕਾਰਾ ਸ਼ਿਲਪਾ ਸ਼ੈੱਟੀ ਨੇ ਇਸ ਫਿਲਮ ਨਾਲ ਇਕ ਲੰਬੇ ਸਮੇਂ ਤੋਂ ਬਾਅਦ ਪਰਦੇ 'ਤੇ ਵਾਪਸੀ ਕੀਤੀ। ਆਪਣੇ ਸੁਪਰਹਿੱਟ ਸਾਂਗ 'ਚੁਰਾ ਕੇ ਦਿਲ ਤੇਰਾ 'ਤੇ ਦੁਬਾਰਾ ਭੂਮਿਕਾ ਨਿਭਾਉਣ ਦੇ ਬਾਵਜੂਦ ਵੀ ਹੰਗਾਮਾ 2 ਬੁਰੀ ਤਰ੍ਹਾਂ ਫਲਾਪ ਹੋ ਗਈ। ਫਿਲਮ ਨੂੰ ਲੈ ਕੇ ਕਈ ਮੀਮਸ ਵਾਇਰਲ ਹੋਏ ਹਾਲਾਂਕਿ ਰਾਜਪਾਲ ਯਾਦਵ ਦੀ ਕਾਮੇਡੀ ਨੂੰ ਦਰਸ਼ਕਾਂ ਨੇ ਪਸੰਦ ਕੀਤਾ। ਇਸ ਨੂੰ ਆਈ.ਐੱਮ.ਡੀ.ਬੀ. 'ਤੇ 10 'ਚੋਂ 3.1 ਰੇਟਿੰਗ ਹੀ ਮਿਲੀ।

3. ਸਰਦਾਰ ਦਾ ਗ੍ਰੈਂਡਸਨ

ਅਦਾਕਾਰ ਅਰਜੁਨ ਕਪੂਰ ਤੇ ਰਕੁਲ ਪ੍ਰੀਤ ਸਿੰਘ ਦੀ ਜੋੜੀ ਵੀ ਕੁਝ ਖਾਸ ਕਮਾਲ ਨਹੀਂ ਕਰ ਪਾਈ। ਇਥੇ ਤੱਕ ਕਿ ਕਮਾਲ ਦੀ ਅਦਾਕਾਰਾ ਨੀਨਾ ਗੁਪਤਾ ਵੀ ਦਾਦੀ ਦੇ ਕਿਰਦਾਰ 'ਚ ਦਰਸ਼ਕਾਂ ਦਾ ਮਨ ਜਿੱਤਣ 'ਚ ਨਾਕਾਮਯਾਬ ਹੀ ਰਹੀ। ਇਸ ਦੇ ਨਾਲ ਹੀ ਫਿਲਮ ਨੂੰ ਆਈ.ਐੱਮ.ਡੀ.ਬੀ. 'ਤੇ 10 'ਚੋਂ 4.2 ਦੀ ਰੇਟਿੰਗ ਮਿਲੀ।

4. ਰੂਹੀ - ਹਾਰਦਿਕ ਮਹਿਤਾ ਹਾਰਰ ਕਾਮੇਡੀ ਫਿਲਮ 'ਰੂਹੀ' ਇਸਤਰੀ ਵਰਗਾ ਜਾਦੂ ਕਾਇਮ ਨਹੀਂ ਕਰ ਪਾਈ। ਫਿਲਮ 'ਚ ਰਾਜਕੁਮਾਰ ਰਾਓ, ਜਾਨ੍ਹਵੀ ਕਪੂਰ ਤੇ ਵਰੁਣ ਸ਼ਰਮਾ ਲੀਡ ਰੋਲ 'ਚ ਸਨ ਪਰ ਕਮਜ਼ੋਰ ਕਹਾਣੀ ਦੀ ਵਜ੍ਹਾ ਨਾਲ ਇਸ ਫਿਲਮ ਨੂੰ ਆਈ.ਐੱਮ.ਡੀ.ਬੀ. 'ਤੇ 10 'ਚੋਂ 4.3 ਰੇਟਿੰਗ ਹੀ ਮਿਲੀ।